
# ਅੰਮ੍ਰਿਤ ਕੀਰਤਨ

ੜ 1 ਸਾਲ ਛੇਵਾਂ ਜਨਵਰੀ, 1994




ਰੇਰੀ ਸੰਪਾਦਕ: ਡਾ. ਜਾਗੀਰ ਸਿੰ

# ਅੰਮ੍ਰਿਤ ਕੀਰਤਨ

ਅੰਕ 1 ਸਾਲ ਛੇਵਾਂ ਜਨਵਰੀ 1994

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰੁਪਏ
ਦੇਸ਼ ਸਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

1] ਸ਼ੇਖ ਫਰੀਦ ਜੀ ਦੀ ਬਾਣੀ — ਅਚਾਰੀਆਂ ਰਜ਼ਨੀਸ਼ ਦੀਆਂ ਟਿੱਪਣੀਆਂ 1
2] ਭਾਈ ਹੀਰਾ ਸਿੰਘ ਰਾਗੀ — ਕੁਲਦੀਪ ਸਿੰਘ 'ਹਊਰਾ' 6
3] ਕੀਰਤਨ ਭਗਤੀ · ਆਵਤ ਸਿੰਘ 10
4] ਭਾਈ ਸਮੁੰਦ ਸਿੰਘ ਜੀ ਦੀਆਂ ਯਾਦਾਂ 'ਚੋਂ ਇਕ ਯਾਦ ਕ੍ਰਿਸਮਾ ਪ੍ਰੋ: ਰਣਜੀਤ ਸਿੰਘ 12
5] ਘਰਾਨਾ ਰਾਜਾ ਭਾਈ ਪੁਣਛ ਵਾਲੇ (ਜੰਮੂ ਕਸਮੀਰ) — ਸ. ਤੀਰਥ ਸਿੰਘ 14
6] ਗੁਰਮਤਿ ਸੰਗੀਤ — ਪ੍ਰੋ: ਬਲਬੀਰ ਸਿੰਘ 16
7] ਭਾਈ ਭਜਨ ਸਿੰਘ 18
8] ਬਾਬਾ ਅਤਰ ਸਿੰਘ ਜੀ ਰਾਗੀ — ਗਿਆਨੀ ਕੁੰਦਨ ਸਿੰਘ 'ਪਤੰਗ' 19
9] ਰਾਗ ਦਰਬਾਰੀ ਕਾਨੜਾ 21
10] ਸ਼ਬਦਾਂ ਦੇ ਅਰਥ 24
11] ਗੀਤ-ਰਾਗੀ, ਰਾਗ ਸਮੇਂ ਦਾ ਗਾ — ਸੁਰਜੀਤ ਸਿੰਘ ਮਰਜ਼ਾਰਾ 26
12] ਪੁਸਤਕ ਪਛਾਣ-ਅਧਿਆਤਮ ਮਾਰਗ ਦੇ ਕੁਝ ਪ੍ਰਸਨ ਨਾਨਕ ਕਹਤ ਪੁਕਾਰ ਕੈ — ਬਲਵਿੰਦਰ ਸਿੰਘ 27
13] ਕੈਸਟ ਸਮੀਖਿਆ-ਤੇਰਾ ਹੁਕਮੁ ਅਪਾਰ ਹੈ — ਰਾਗੀ ਭਾਈ ਇਕਬਾਲ ਸਿੰਘ, ਭਾਈ ਅਵਤਾਰ ਸਿੰਘ ਜੀ — ਹਰਚਰਨ ਸਿੰਘ 29

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

'ਅੰਮਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

[ਅਕਤੂਬਰ 1993 ਅੰਕ ਤੋਂ ਅੱਗੇ]

# ਸ਼ੇਖ਼ ਫਰੀਦ ਜੀ ਦੀ ਬਾਣੀ

## (ਅਚਾਰੀਆ ਰਜਨੀਸ਼ ਜੀ ਦੀਆਂ ਟਿੱਪਣੀਆਂ)

'ਜੇ ਜਾਣਾ ਮਰਿ ਜਾਇਐ'-ਸ਼ੇਖ ਕਹਿੰਦਾ ਹੈ, ਜੇਕਰ ਪਤਾ ਹੁੰਦਾ ਕਿ ਮਰਨਾ ਹੀ ਹੋਏਗਾ ਤਾਂ ਜ਼ਿੰਦਗੀ ਐਵੇਂ ਨਾ ਗੁਆਂਦੇ। ਇਸ ਜ਼ਿੰਦਗੀ ਵਿੱਚ ਜਿਸਨੂੰ ਵੀ ਪਤਾ ਹੋ ਜਾਂਦਾ ਹੈ ਕਿ ਮੌਤ ਹੈ, ਉਹ ਹੀ ਬਦਲ ਜਾਂਦਾ ਹੈ, ਅਤੇ ਜਿਸ ਨੂੰ ਪਤਾ ਨਹੀਂ ਹੁੰਦਾ ਕਿ ਮੌਤ ਹੈ ਉਹ ਹੀ ਬਰਬਾਦ ਹੋ ਜਾਂਦਾ ਹੈ। ਧਰਮ ਤੁਹਾਡੇ ਜੀਵਨ ਵਿੱਚ ਉਸੇ ਦਿਨ ਉਤਰਦਾ ਹੈ ਜਿਸ ਦਿਨ ਤੁਹਾਡੇ ਜੀਵਨ ਵਿੱਚ ਮੌਤ ਦਾ ਬੋਧ ਆਉਂਦਾ ਹੈ, ਜਿਸ ਦਿਨ ਤੁਹਾਨੂੰ ਲਗਦਾ ਹੈ ਕਿ ਮੌਤ ਆਉਣੀ ਹੈ। ਮੌਤ ਦਾ ਆਉਣਾ, ਮੌਤ ਦੇ ਆਉਣ ਦਾ ਖਿਆਲ, ਮੌਤ ਦੇ (ਪੈਰਾਂ ਦੀ ਆਵਾਜ਼) ਜਿਸ ਨੂੰ ਸੁਣਾਈ ਪੈ ਗਈ ਉਹ ਆਦਮੀ ਉਸੇ ਵੇਲੇ ਰੁਪਾਂਤ੍ਰਿਤ ਹੋ ਜਾਂਦਾ ਹੈ। ਮੌਤ ਜਦ ਆਉਂਦੀ ਹੋਵੇ ਤਾਂ ਚਾਂਦੀ ਦੇ ਠੀਕਰਿਆਂ ਵਿੱਚ ਕੀ ਅਰਥ ਰਹਿ ਜਾਂਦਾ ਹੈ? ਮੌਤ ਜਦ ਆ ਹੀ ਰਹੀ ਹੋਵੇ ਤਾਂ ਵੱਡੇ ਮਹਿਲ ਬਣਾ ਲੈਣ ਨਾਲ ਕੀ ਹੋਏਗਾ? ਮੌਤ ਜਦ ਆ ਰਹੀ ਹੈ, ਟਰ ਹੀ ਪਈ ਹੈ, ਰਸਤੇ ਉਤੇ ਹੀ, ਕਿਸੇ ਵੀ ਪਲ ਮਿਲਣ ਹੋ ਜਾਏਗਾ, ਤਾਂ ਦੁਸ਼ਮਣੀ, ਘਿਰਣਾ, ਈਰਖਾ, ਇਹਨਾਂ ਦਾ ਕੀ ਮੁੱਲ ਹੈ?

ਫ਼ਰੀਦ ਕਹਿੰਦਾ ਹੈ, ਜੇਕਰ ਮੈਨੂੰ ਪਤਾ ਹੀ ਹੁੰਦਾ ਕਿ ਮਰਨਾ ਹੋਇਗਾ ਅਤੇ ਫਿਰ ਪਰਤਣਾ ਨਹੀਂ ਹੈ, ਤਾਂ ਇਸ ਝੂਠੀ ਦੁਨੀਆਂ ਨਾਲ ਪ੍ਰੀਤ ਜੋੜ ਕੇ ਆਪਣ ਆਪਨੂੰ ਬਰਬਾਦ ਨਾ ਕਰ ਬੈਠਦਾ। ਤਦ ਫਿਰ ਮੈਂ ਪ੍ਰੇਮ ਤੇਰੇ ਨਾਲ ਹੀ ਲਾਇਆ ਹੁੰਦਾ ਅਸੀਂ ਵਿਅਰਥ ਦੀਆਂ ਚੀਜ਼ਾਂ ਨਾਲ ਪ੍ਰੇਮ ਲਾਉਂਦੇ ਰਹੇ। ਖੁਦ ਵਿਦਾ ਹੋਣਾ ਸੀ ਜਿਥੋਂ, ਉਥੇ ਅਸੀਂ ਪ੍ਰੇਮ ਦੇ ਬੀਜ ਬੀਜੇ। ਜਿਥੋਂ ਅਸੀਂ ਹੀ ਚਲੇ ਜਾਣਾ ਸੀ, ਉਥੇ ਅਸੀਂ ਆਪਣਾ ਹਿਰਦਾ ਜੋੜਿਆ।

'ਜੇ ਜਾਣਾ ਮਰਿ ਜਾਇਐ'—ਪਤਾ ਹੁੰਦਾ ਕਿ ਮਰ ਜਾਣਾ ਹੈ, ਤਾਂ ਕਦੋਂ ਦੇ ਬਦਲ ਗਏ ਹੁੰਦੇ। ਫ਼ਰੀਦ ਤੁਹਾਨੂੰ ਕਹਿ ਰਿਹਾ ਹੈ, ਉਸ ਨੂੰ ਤਾਂ ਪਤਾ ਹੀ ਹੈ। ਉਹ ਤੁਹਾਨੂੰ ਕਹਿ ਰਿਹਾ ਹੈ ਕਿ ਜਾਗੋ। ਜਿਸ ਨੂੰ ਤੁਸੀਂ ਜੀਵਨ ਸਮਝਿਆ ਹੈ ਉਹ ਜੀਵਨ ਨਹੀਂ ਹੈ, ਉਹ ਮਰਨ ਦੀ ਲੰਮੀ ਪ੍ਰਕਿਰਿਆ ਹੈ। ਜੀਵਨ ਕਿਤੇ ਹੋਰ ਹੈ, ਜਿੱਥੇ ਤੁਸੀਂ ਲਭਿਆ ਹੀ ਨਹੀਂ। ਜੀਵਨ ਤਾਂ ਪ੍ਰਮਾਤਮਾ ਦੇ ਨਾਲ ਹੈ।

"ਬੋਲੈ ਸ਼ੇਖੁ ਫਰੀਦੁ ਪਿਆਰੇ ਅਲਹ ਲਗੇ।"

ਉਸਦੇ ਨਾਲ ਮਰਨਾ ਕਦੇ ਨਹੀਂ ਹੁੰਦਾ। ਸੰਸਾਰ ਦੇ ਨਾਲ ਜੋ ਜੁੜਦਾ ਹੈ ਉਹ

ਬਾਰ-ਬਾਰ ਮਰਦਾ ਹੈ, ਕਿਉਂਕਿ ਟੁੱਟੇਗਾ ਹੀ ਸੰਬੰਧ। ਇਹ ਨਦੀ-ਨਾਵ ਸੰਜੋਗ ਹੈ! ਇਹ ਕੋਈ ਥਿਰ ਰਹਿਣ ਵਾਲੀ ਗੱਲ ਨਹੀਂ ਹੈ। ਨਦੀ ਬਦਲਦੀ ਹੀ ਜਾ ਰਹੀ ਹੈ, ਹਰ ਪਲ ਭੱਜੀ ਹੀ ਜਾ ਰਹੀ ਹੈ, ਉਸੇ ਨਦੀ ਨਾਲ ਉਸੇ ਨਾਵ ਦਾ ਸੰਜੋਗ ਕਿਵੇਂ ਰਹੇਗਾ?

'ਜੇ ਜਾਣਾ ਮਰਿ ਜਾਈਐ' — ਜਿਸ ਨੇ ਜਾਣਿਆ ਕਿ ਮੌਤ ਹੋਏਗੀ ਉਸਨੇ ਅਸਲੀ ਜੀਵਨ ਦੀ ਖੋਜ ਸ਼ੁਰੂ ਕਰ ਦਿਤੀ। ਵਕਤ ਗੁਆਉਣ ਵਾਲਾ ਨਹੀਂ ਹੈ। ਇਸ ਤੋਂ ਪਹਿਲਾਂ ਕਿ ਵਕਤ ਹੱਥਾਂ 'ਚੋਂ ਨਿਕਲ ਜਾਏ, ਮੌਕਾ ਗੁਆਚ ਜਾਏ, ਜੀਵਨ ਦੀਆਂ ਜੜ੍ਹਾਂ ਤੇ ਪੁੱਜ ਜਾਣਾ ਚਾਹੀਦਾ ਹੈ।

'ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ।
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥'

ਇਸ ਦਾ ਅਨੁਵਾਦ ਸਦਾ ਤੋਂ ਕੀਤਾ ਜਾ ਰਿਹਾ ਹੈ ਕਿ ਤੂੰ ਧਰਮ ਨਾਲ ਸੱਚ ਬੋਲ, ਝੂਠ ਨਾ ਬੋਲ। ਜੋ ਰਸਤਾ ਗੁਰੂ ਵਿਖਾ ਦੇਵੇ ਉਸ ਉਤੇ ਚੱਲ। ਇਸ ਵਿਚ ਮੈਂ ਥੋੜਾ ਫ਼ਰਕ ਕਰਦਾ ਹਾਂ।

ਬੋਲੀਐ ਸਚੁ ਧਰਮੁ ਫ਼ਰੀਦ ਦਾ ਸ਼ਬਦ ਹੈ। ਬੋਲੀਐ ਸਚੁ ਧਰਮੁ - ਸਤਯ ਧਰਮ ਨਾਲ ਬੋਲ, ਸਤਯ ਨਾਲ ਬੋਲ। ਸਚੁ ਧਰਮੁ ਦਾ ਅਰਥ ਹੁੰਦਾ ਹੈ ਸੁਭਾਵ ਨਾਲ ਬੋਲ। ਜੋ ਤੇਰਾ ਅਸਲੀ ਸੁਭਾਵ ਹੈ ਉਹ ਹੀ ਧਰਮ ਹੈ ਆਪਣੀ ਪ੍ਰਮਾਣਿਕਤਾ ਨਾਲ ਬੋਲ। ਆਪਣੇ ਅਸਤਿਤਵ-ਹੋਂਦ ਨਾਲ ਬੋਲ। ਧਰਮ ਨਾਲ ਸੱਚ ਬੋਲ ਜਿਵੇਂ ਕੀ ਅਸੀਂ ਕਿਸੇ ਨੂੰ ਕਸਮ ਦਿਲਵਾ ਰਹੇ ਹਾਂ ਕਿ ਖਾ ਧਰਮ ਦੀ ਕਸਮ ਅਤੇ ਸੱਚ ਬੋਲ, ਖਾ ਇਮਾਨ ਦੀ ਦੀ ਕਸਮ ਅਤੇ ਸੱਚ ਬੋਲ। ਨਹੀਂ ਧਰਮ ਨਾਲ ਸੱਚ ਬੋਲ —ਅਜਿਹਾ ਨਹੀਂ, ਸੱਚ ਧਰਮ ਨਾਲ ਬੋਲ, ਉਹ ਤੇਰਾ ਜੋ ਸੁਭਾਵ ਹੈ ਉਹ ਤੇਰਾ ਜੋ ਸੱਚਾ ਧਰਮ ਹੈ ਜਿਸ ਨੂੰ ਕ੍ਰਿਸ਼ਨ ਨੇ ਸਵਧਰਮ ਕਿਹਾ ਹੈ। ਤੂੰ ਉਥੋਂ ਬੋਲ ਜੋ ਤੂੰ ਹੈ, ਤੂੰ ਆਪਣੀ ਅਸਲੀਅਤ ਨਾਲ ਬੋਲ।

ਇਹ ਦੋਵੇਂ ਵੱਖਰੀਆਂ ਗੱਲਾਂ ਹਨ। ਧਰਮ ਨਾਲ ਸੱਚ ਬੋਲਣ ਦਾ ਮਤਲਬ ਹੈ ਕਿ ਝੂਠ ਨਾ ਬੋਲ ਜਿਹੋ ਜਿਹਾ ਤੂੰ ਜਾਣਿਆ ਹੈ ਉਹੋ ਜਿਹਾ ਬੋਲ ਤੱਥਯ (ਸਚਾਈ) ਬੋਲ ਅਤੇ ਜੋ ਅਨੁਵਾਦ ਮੈਂ ਕਰ ਰਿਹਾ ਹਾਂ, ਉਹ ਹੈ ਤੂੰ ਆਪਣੀ ਅਸਲੀਅਤ ਨਾਲ ਬੋਲ, ਸਚਾਈ ਦੀ ਫਿਕਰ ਨਾ ਕਰ ਸੱਚ ਬੋਲ, ਕਿਉਂਕਿ ਬਹੁਤ ਵਾਰੀ ਸੱਚ, ਤੱਥ ਦੇ ਉਲਟ ਹੁੰਦਾ ਹੈ। ਬਹੁਤ ਵਾਰੀ ਤੱਥਯ (ਸਚਾਈ) ਬੋਲਣ ਨਾਲ ਸੱਚ ਨਹੀਂ ਬੋਲਿਆ ਜਾਂਦਾ। ਬਹੁਤ ਵਾਰੀ ਤੁਸੀਂ ਬੋਲਦੇ ਹੋ, ਬਿਲਕੁਲ ਫੈਕਚੁਅਲ ਹੁੰਦਾ ਹੈ, ਤੱਥਯ ਪੂਰਣ ਹੁੰਦਾ ਹੈ। ਲੇਕਿਨ ਸੱਚ ਨਹੀਂ ਹੁੰਦਾ, ਕਿਉਂਕਿ ਤੁਹਾਡੀ ਅਸਲੀਅਤ ਨਾਲ ਨਹੀਂ ਬੋਲਿਆ ਗਿਆ ਹੁੰਦਾ।

ਫਰੀਦ ਦੇ ਵਚਨ ਦਾ ਮੈਂ ਅਰਥ ਕਰਦਾ ਹਾਂ: ਬੋਲੀਐ ਸਚੁ ਧਰਮੁ - ਤੁਹਾਡੀ ਸਚਾਈ ਨਾਲ - ਤੁਹਾਡੇ ਅਸਤਿਤਵ (ਹੋਂਦ) ਨਾਲ, ਤੁਹਾਡੇ ਸੁਭਾਵ ਨਾਲ ਆਪਣ ਧਰਮ ਨਾਲ ਬੋਲੋ, ਆਪਣੀ ਪ੍ਰਮਾਣਿਕਤਾ ਨਾਲ ਬੋਲੋ, ਅਪ੍ਰਮਾਣਿਕਤਾ ਨਾਲ ਨਹੀਂ। ਅਤੇ ਤਦ ਇਹ ਸੰਭਵ ਹੋਵੇਗਾ:

"ਜੋ ਗੁਰੂ ਦਸੈ ਵਾਟ, ਮੁਰੀਦਾ ਜੋਲੀਐ।"

'ਛੈਲ ਲਘੰਦੇ ਪਾਰ ਗੋਰੀ ਮਨ ਧੀਰਿਆ —

ਜਿਵੇਂ ਕਿ ਪ੍ਰੇਮੀ ਨਦੀ ਪਾਰ ਕਰਕ ਆ ਰਿਹਾ ਹੈ ਅਤੇ ਪ੍ਰੇਮਿਕਾ ਇਸ ਕੰਢੇ ਖੜੀ ਹੈ ਅਤੇ ਪ੍ਰੇਮੀ ਉਸ ਪਾਰ ਤੋਂ ਆ ਰਿਹਾ ਹੈ। ਨਦੀ ਤੇਜ਼ ਹੈ, ਭਿਅੰਕਰ ਉਸ ਦਾ ਪ੍ਰਵਾਹ, ਹੈ ਜਾਂ ਬਾਰਸ਼ ਦੀ ਬਾੜ ਹੈ ਉੱਚੀਆਂ ਤਰੰਗਾਂ ਅਤੇ ਗੋਰੀ ਦਾ ਡਰ ਅਤੇ ਗੋਰੀ ਦਾ ਮਨ ਕੰਬ ਰਿਹਾ ਹੈ ਕਿ ਪਤਾ ਨਹੀਂ ਪ੍ਰੇਮੀ ਪਾਰ ਕਰ ਪਾਏਗਾ, ਨਦੀ ਬਹਾ ਕੇ ਤਾਂ ਨਹੀਂ ਲੈ ਜਾਵੇਗੀ। ਉਹ ਸ਼ੰਕਿਤ (ਚਿੰਤਾ ਵਾਲੀ ਸ਼ੰਕਾ) ਹੈ। ਉਹ ਭਰੋਸੇਵਾਨ ਨਹੀਂ ਹੈ। ਪਰ ਜਿਵੇਂ-ਜਿਵੇਂ ਪ੍ਰੇਮੀ ਕੋਲ ਆਉਣ ਲਗਦਾ ਹੈ ਇਸ ਕੰਢੇ ਤੇ ਗੋਰੀ ਭਰੋਸੇਵਾਨ ਹੁੰਦੀ ਜਾਂਦੀ ਹੈ, ਪ੍ਰੇਮਿਕਾ ਦਾ ਧੀਰਜ ਬੱਝਦਾ ਜਾਂਦਾ ਹੈ, ਹੁਣ ਡਰ ਨਹੀਂ ਹੈ।

ਗੁਰੂ ਕੰਢੇ ਤੇ ਖਲੋਤੇ ਸ਼ਿਸ਼ ਨੂੰ ਇਸੇ ਤਰ੍ਹਾਂ ਹੀ ਵੇਖਦਾ ਹੈ। ਤੁਸੀਂ ਗੁਰੂ ਦੀਆਂ ਨਜ਼ਰਾਂ ਤੇ ਨਜ਼ਰ ਰੱਖਣਾ। ਜਦ ਤੁਸੀਂ ਉਸ ਵਿਚ ਪਾਓ ਕਿ ਉਸਦੀ ਤਸੱਲੀ ਹੋ ਗਈ, ਜਦ ਤੁਸੀਂ ਪਾਓ ਕਿ ਮੁਸਕਰਾ ਰਿਹਾ ਹੈ। ਜਦ ਤੁਸੀਂ ਪਾਓ ਕਿ ਅਸੀਸਾਂ ਵਰ੍ਹ ਰਹੀਆਂ ਹਨ ਉਸ ਤੋਂ, ਜਦ ਤੁਸੀਂ ਪਾਓ ਕਿ ਉਹ ਤਸੱਲੀਬਖਸ਼ ਹੈ - ਤਦ ਹੀ ਤੁਸੀਂ ਤਸੱਲੀਬਖਸ਼ ਹੋਣਾ। ਆਪਣੇ ਵਲੋਂ ਤਸੱਲੀਬਖਸ਼ ਨਾ ਹੋ ਜਾਣਾ, ਨਹੀਂ ਤਾਂ ਤੁਸੀਂ ਖੁਦ ਧੋਖਾ ਦੇ ਲਓਗੇ ਆਪਣੇ ਆਪ ਨੂੰ। ਤਹਾਡੀ ਧੋਖਾ ਦੇਣ ਦੀ ਏਨੀ ਸੰਭਾਵਨਾ ਹੈ ਕਿ ਜਿਸ ਦਾ ਕੋਈ ਹਿਸਾਬ ਨਹੀਂ। ਤੁਸੀਂ ਆਪਣੇ ਉਤੇ ਭਰੋਸਾ ਨਾ ਕਰ ਲੈਣਾ।

'ਛੈਲ ਲੰਘ ਦੇ ਪਾਰ ਗੋਰੀ ਮਨੁ ਧੀਰਿਆ' — ਕਿ ਪ੍ਰੇਮੀ ਕੋਲ ਆ ਗਿਆ, ਹੁਣ ਜ਼ਿਆਦਾ ਦੂਰ ਨਾ ਰਹੀ, ਹੱਥ ਦੋ ਹੱਥ ਮਾਰਨ ਦੀ ਗੱਲ ਹੈ, ਕੰਢੇ ਲਗ ਜਾਏਗਾ। ਗੋਰੀ ਦੇ ਮਨ ਧੀਰਜ ਆ ਗਿਆ।

ਪ੍ਰੇਮੀ ਦੇ ਨਦੀ ਪਾਰ ਕਰ ਲੈਣ ਨਾਲ ਜਿਵੇਂ ਪ੍ਰੇਮਿਕਾ ਦੀ ਹਿੰਮਤ ਬੱਝ ਜਾਂਦੀ ਹੈ ਉਸੇ ਤਰ੍ਹਾਂ ਹੀ ਜਿਸ ਦਿਨ ਤੁਸੀਂ ਗੁਰੂ ਦੀ ਅੱਖ ਵਿਚ ਹਿੰਮਤ ਬੱਝੀ ਵੇਖੋ ਤੁਹਾਡੇ ਬਾਬਤ ਭਰੋਸੇਵਾਨ ਵੇਖੋ ਗੁਰੂ ਨੂੰ, ਉਸੇ ਦਿਨ ਭਰੋਸੇਵਾਨ ਹੋਣਾ, ਉਸਤੋਂ ਪਹਿਲਾਂ ਨਹੀਂ।

'ਤੂੰ ਕਰੌਤ ਨਾਲ ਚੀਰ ਦਿਤਾ ਜਾਏਂਗਾ, ਜੇਕਰ ਤੂੰ ਕੰਚਨ ਦੇ ਵੱਲ ਲੁਭਾਇਗਾ।'
ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥'

ਇਸ ਲਈ ਫ਼ਰੀਦ ਕਹਿੰਦਾ ਹੈ,—"ਕੰਚਨ ਵੰਨੇ ਪਾਸੇ ਕਲਵਤਿ ਚੀਰਿਆ" ਅਤੇ ਧਿਆਨ ਰਖਣਾ, ਪਿਆਰ ਦੇ ਰਾਹ ਵਿਚ ਧਨ ਤੋਂ ਇਲਾਵਾ ਹੋਰ ਕੋਈ ਚੀਜ਼ ਰੁਕਾਵਟ ਨਹੀਂ ਹੈ। ਜੇਕਰ ਧਨ ਦੇ ਵਲ ਝੁਕਿਆ, ਲੋਭ ਵਿਚ ਆਇਆ ਤਾਂ ਆਰੇ ਨਾਲ ਚੀਰ ਦਿਤਾ ਜਾਏਗਾ। ਇਸਦਾ ਕੁਝ ਮਤਲਬ ਅਜਿਹਾ ਨਹੀਂ ਹੈ ਕਿ ਕੋਈ ਆਰੇ ਨਾਲ ਕਿਸੇ ਨੂੰ ਚੀਰ ਦੇਵੇਗਾ। ਪਰ ਜਦ ਪਿਆਰ ਕਟ ਜਾਂਦਾ ਹੈ ਤਾਂ ਪ੍ਰਾਨ ਇਵੇਂ ਕਟੇ ਜਾਂਦੇ ਹਨ ਜਿਵੇਂ ਆਰੇ ਨਾਲ ਚੀਰ ਦਿਤੇ ਗਏ ਹੋਣ। 'ਸੇਖ ਹੈਯਾਤੀ ਜਗਿ ਨਾ ਕੋਈ ਥਿਰੁ ਰਹਿਆ।'

ਸ਼ੇਖ, ਇਸ ਦੁਨੀਆਂ ਵਿਚ ਕੋਈ ਹਮੇਸ਼ਾ ਰਹਿਣ ਵਾਲਾ ਨਹੀਂ ਹੈ। ਜਿਸ ਪੀੜ੍ਹੇ ਉਤੇ ਅਸੀਂ ਬੈਠੇ ਹਾਂ, ਉਸ ਉਤੇ ਕਿੰਨੇ ਹੀ ਬੈਠ ਚੁਕੇ ਹਨ।

ਵਿਗਿਆਨਿਕ ਕਹਿੰਦੇ ਹਨ ਕਿ ਜਿਸ ਥਾਂ ਤੁਸੀਂ ਬੈਠੇ ਹੋ ਉਥੇ ਘਟੋ-ਘਟ ਦਸ

ਆਦਮੀਆਂ ਦੀਆਂ ਲਾਸ਼ਾਂ ਦਫਨਾਈਆਂ ਜਾ ਚੁਕੀਆਂ ਹਨ। ਇੰਚ-ਇੰਚ ਜ਼ਮੀਨ ਉਤੇ ਕਰੋੜਾਂ-ਕਰੋੜਾਂ ਲੋਕ ਦਫਨਾਏ ਜਾ ਚੁੱਕੇ ਹਨ। ਤੁਸੀਂ ਵੀ ਥੋੜੇ ਦਿਨਾਂ ਬਾਅਦ ਇਸ ਧਰਤੀ ਦੇ ਅੰਦਰ ਹੋਵੋਗ। ਕੋਈ ਹੋਰ ਤੁਹਾਡੇ ਉਪਰ ਬੈਠਾ ਹੋਏਗਾ। ਪਰਤ-ਦਰ-ਪਰਤ ਮੁਰਦੇ ਦਬਦੇ ਜਾਂਦੇ ਹਨ।

ਸ਼ੇਖ, ਇਸ ਦੁਨੀਆਂ ਵਿਚ ਕੋਈ ਕੋਈ ਵੀ ਹਮੇਸ਼ਾ ਰਹਿਣ ਵਾਲਾ ਨਹੀਂ ਹੈ। ਬੁੱਧ ਦਾ ਬੜਾ ਪਿਆਰਾ ਵਚਨ ਹੈ : ਸਭੇ ਸੰਘਾਰ ਅਨਿੱਚਾ - ਇਸ ਸੰਸਾਰ ਵਿਚ ਸਾਰਾ ਕੁੱਝ ਬਹਾਵਮਾਨ (ਬਹਿ ਜਾਣ ਵਾਲਾ) ਹੈ, ਵਗਦਾ ਜਾ ਰਿਹਾ ਹੈ, ਪਰਿਵਰਤਨਸ਼ੀਲ (ਬਦਲਣ ਵਾਲਾ) ਹੈ। ਇਸ ਵਿਚ ਕਿਤੇ ਵੀ ਕੋਈ ਕੰਢਾ ਨਹੀਂ ਹੈ। ਲਹਿਰਾਂ ਨੂੰ ਕੰਢੇ ਨਾ ਸਮਝ ਲੈਣਾ ਅਤੇ ਉਹਨਾਂ ਨੂੰ ਫੜ ਕੇ ਨਾ ਰੁਕ ਜਾਣਾ! ਹੋਰ ਜਿਸ ਥਾਂ ਤੁਸੀਂ ਬੈਠੇ ਹੋ, ਬੈਠੇ-ਬੈਠੇ ਆਕੜ ਨਾ ਜਾਣਾ। ਉਸ ਨੂੰ ਸਿੰਘਾਸਣ ਨਾ ਸਮਝ ਲੈਣਾ। ਸਾਰੇ ਸਿੰਘਾਸਣਾ ਦੇ ਹੇਠਾਂ ਕਬਰਾਂ ਦਬੀਆਂ ਹਨ।

ਜਿਵੇਂ ਕੂੰਜਾਂ ਕਤਕ ਵਿਚ ਆਉਂਦੀਆਂ ਹਨ, ਚੇਤਿ ਵਿਚ ਦਾਵਾਨਲ (ਦਰਖਤਾਂ ਦੀ ਰਗੜ ਦੇ ਨਾਲ ਪੈਦਾ ਹੋਣ ਵਾਲੀ ਅੱਗ) ਅਤੇ ਸਾਵਣ ਵਿਚ ਬਿਜਲੀਆਂ ਆਉਂਦੀਆਂ ਹਨ ਅਤੇ ਸਰਦੀ ਵਿਚ ਜਿਵੇਂ ਕਾਮਿਨੀ ਆਪਣੇ ਪ੍ਰੀਤਮ ਦੇ ਗਲ ਵਿਚ ਬਾਹਾਂ ਪਾ ਦਿੰਦੀ ਦਿੰਦੀ ਹੈ — ਇਸੇ ਤਰ੍ਹਾਂ ਹੀ ਸਭ ਪੱਲ ਕੁ ਲਈ ਆਉਂਦਾ ਹੈ ਅਤੇ ਚਲਾ ਜਾਂਦਾ ਹੈ। ਇਸ ਸੱਚ ਉਤੇ ਤੂੰ ਆਪਣੇ ਮਨ 'ਚ ਵਿਚਾਰ ਕਰ ਕਿ ਇਥੇ ਸਭ ਪਲ ਵਿਚ ਮਿਟ ਜਾਣ ਵਾਲਾ ਹੈ। ਸ਼ਾਸ਼ਵਤ (ਸਦਾ ਰਹਿਣ) ਦੇ ਸੁਫਨੇ ਨਾ ਸਜਾ। ਸ਼ਾਸ਼ਵਤ ਦੇ ਸੁਫਨੇ ਸਜਾਏਂਗਾ ਤਾਂ ਭਟਕੇਂਗਾ। ਛਣਭੰਗੁਰ ਦੇ ਸਚ ਨੂੰ ਵੇਖ ਇਸ ਉਤੇ ਤੂੰ ਆਪਣੇ ਮਨ ਵਿਚ ਵਿਚਾਰ ਕਰ।

'ਮਨੁੱਖ ਦੇ ਘੜੇ ਜਾਣ ਵਿਚ ਮਹੀਨੇ ਲਗਦੇ ਹਨ, ਟੁੱਟ ਜਾਣ ਵਿਚ ਪਲ ਵੀ ਨਹੀਂ ਲਗਦਾ।

ਫ਼ਰੀਦ ਕਹਿੰਦੇ ਹਨ — ਜ਼ਮੀਨ ਨੇ ਅਸਮਾਨ ਤੋਂ ਪੁਛਿਆ, ਕਿੰਨੇ ਮਲਾਹ ਚਲੇ ਗਏ, ਸ਼ਮਸ਼ਾਨ ਅਤੇ ਕਬਰਾਂ ਵਿਚ ਉਹਨਾਂ ਦੀਆਂ ਰੂਹਾਂ ਝਿੜਕੀਆਂ ਝੱਲ ਰਹੀਆਂ ਹਨ। 'ਚਲੇ ਚਲਣਹਾਰ ਵਿਚਾਰਾ ਲੇਇ ਮਨੋ।'

ਚਲਦੀ ਫਿਰਦੀ ਹੋਈ ਹਾਲਤ ਹੈ - ਚਲ ਹੀ ਰਹੇ ਹਾਂ ਮੌਤ ਦੇ ਵਲ, ਚਲੇ ਚਲਣ ਹਾਰ-ਚਲ ਹੀ ਪਏ ਹਾਂ। ਜਨਮ ਦੇ ਨਾਲ ਹੀ ਆਦਮੀ ਮਰਨ ਦੇ ਵਲ ਤੁਰ ਪੈਂਦਾ ਹੈ। 'ਚਲੇ ਚਲਣਹਾਰ ਵਿਚਾਰਾ ਲੇਇ ਮਨੋ।'

ਠੀਕ ਤਰ੍ਹਾਂ ਸੋਚ ਲਵੋ। ਇਥੇ ਘਰ ਬਣਾਉਣ ਦੀ ਕੋਈ ਥਾਂ ਨਹੀਂ ਹੈ। ਇਥੇ ਰਾਤ ਠਹਿਰ ਜਾ ਠੀਕ, ਮੰਜ਼ਿਲ ਇਥੇ ਨਹੀਂ ਹੈ ਪੜਾਵ ਹੋਵੇ, ਬੱਸ ਸਵੇਰੇ, ਉਠੇ ਅਤੇ ਡੇਰਾ ਚੁਕ ਲੈਣਾ ਹੈ।

"ਚਲੇ ਚਲਣਹਾਰ ਵਿਚਾਰਾ ਲੇਇ ਮਨੋ।
ਗੰਢੇਦਿਆਂ ਛਿਅ ਮਾਹ ਤੁੜੰਦਿਆਂ ਹਿਕੁ ਖਿਨੋ ॥"

ਛੇ ਮਹੀਨੇ ਲਗ ਜਾਂਦੇ ਹਨ ਬਚੇ ਦੇ ਘੜਨ ਵਿਚ, ਛਣ ਭਰ ਵਿਚ ਮਿਟ ਜਾਂਦਾ ਏ। ਮਰਨ ਵਿਚ ਪਲ ਭਰ ਵੀ ਨਹੀਂ ਲਗਦਾ।

'ਜਿਮੀ ਪੁਛੈ ਅਸਮਾਨ, ਫਰੀਦਾ ਖੇਵਟ ਕਿਨਿ ਗਏ।'

ਜ਼ਮੀਨ ਅਸਮਾਨ ਨੂੰ ਪੁੱਛਦੀ ਹੈ, ਫ਼ਰੀਦ ਕਿੰਨੇ ਖੇਵਨ ਵਾਲੇ, ਬੇੜੀਆਂ ਚਲਾਉਣ ਵਾਲੇ ਮਾਂਝੀ ਅਤੇ ਚਲ ਗਏ।

'ਜਾਲਣ ਗੋਰਾ ਨਾਲਿ ਉਲਾਮੇ ਜੀਅ ਸਹੇ।'

ਅਤੇ ਉਹ ਹੁਣ ਕਿੱਥੇ ਹਨ, ਜਿਹੜੇ ਵੱਡਾ ਮੱਥਾ ਚੁੱਕ ਕੇ ਮਾਂਝੀ ਬਣੇ ਸੀ, ਜਿਹੜੇ ਬੇੜੀ ਉਤੇ ਆਕੜ ਕੇ ਬੈਠੇ ਸੀ। ਜਿਹਨਾ ਨੇ ਸਿੰਘਾਸਣਾ ਨੂੰ ਸ਼ੁਭਾਇਮਾਨ ਕੀਤਾ ਸੀ, ਉਹ ਹੁਣ ਸਾਰੇ ਕਿੱਥੇ ਹਨ ? ਉਹ ਸਭ ਵੱਡੇ ਖੇਵਨ ਵਾਲੇ ਲੋਕ ਕਿੱਥੇ ਗੁਆਚ ਗਏ ਹਨ ?

ਸ਼ਮਸ਼ਾਨ ਅਤੇ ਕਬਰਾਂ ਵਿਚ ਉਹਨਾ ਦੀਆਂ ਰੂਹਾਂ ਝਿੜਕੀਆਂ ਝੱਲ ਰਹੀਆਂ ਹਨ।

ਹੁਣ ਉਹ ਆਪਣੇ ਲਈ ਹੀ ਪਛਤਾ ਰਹੇ ਹਨ ਕਿ ਉਹਨਾ ਨੇ ਜੀਵਨ ਵਿਅਰਥ ਗੁਆਇਆ। ਹੁਣ ਉਹ ਰੋ ਰਹੇ ਹਨ ਕਿ ਉਹਨਾਂ ਨੇ ਕੁਝ ਨਾ ਕੀਤਾ, ਜੋ ਕਰਨ ਯੋਗ ਸੀ ਅਤੇ ਉਹ ਸਭ ਕਮਾਇਆ ਜੋ ਮਿੱਟੀ ਸੀ ! ਹੀਰੇ ਗੁਆਏ ਕੰਕਰ ਇਕਠੇ ਕੀਤੇ। ਕੂੜਾ-ਕਰਕਟ ਸਾਂਭਿਆ, ਪੂੰਜੀ ਗੁਆਈ। ਹੁਣ ਉਹ ਝਿੜਕੀਆਂ ਝੱਲ ਰਹੇ ਹਨ, ਖੁਦ ਪਛਤਾ ਰਹੇ ਹਨ।

ਜੀਵਨ ਜਿਸ ਨੂੰ ਤੁਸੀਂ ਜੀਵਨ ਕਹਿੰਦੇ ਹੋ, ਜੀਵਨ ਨਹੀਂ ਹੈ, ਇਹ ਤਾਂ ਖਾਲੀ ਮਰਨ ਦੀ ਉਡੀਕ ਹੈ, ਮੌਤ ਦੇ ਦਰਵਾਜ਼ੇ ਤੇ ਲਗਿਆ ਕਿਊ ਹੈ, ਹੁਣ ਮਰੇ, ਘੜੀ ਨੂੰ ਮਰੇ। ਇਕ ਹੋਰ ਜੀਵਨ ਹੈ, ਇਕ ਮਹਾਂ ਜੀਵਨ ਹੈ। ਧਰਮ ਉਸੇ ਦਾ ਦੁਆਰ ਹੈ। ਪਰ ਜਿਹੜੇ ਇਸ ਜੀਵਨ ਨੂੰ ਮੌਤ ਜਾਣ ਲੈਣਗੇ ਉਹ ਹੀ ਉਸ ਮਹਾਂ ਜੀਵਨ ਦੀ ਖੋਜ ਵਿਚ ਨਿਕਲਦੇ ਹਨ। ਇਸ ਉਤੇ ਠੀਕ ਤਰ੍ਹਾਂ ਸੋਚਣਾ।

ਫ਼ਰੀਦ ਠੀਕ ਕਹਿੰਦਾ ਹੈ – ਮਨ ਖ਼ੂਬ ਠੀਕ ਤਰ੍ਹਾਂ ਵਿਚਾਰ ਕਰ ਲੈ। ਇਹ ਹੀ ਜੀਵਨ ਹੋ ਸਕਦਾ ਹੈ, ਇਹ ਛਣਭੰਗੁਰ ਹੈ ਜਿਹੜਾ ਹੁਣੇ ਹੈ ਅਤੇ ਹੁਣੇ ਗਿਆ ਹਵਾ ਦੇ ਝੌਂਕੇ ਵਿਚ ਕੰਬਦੇ ਹੋਏ ਪੱਤੇ ਦੇ ਵਾਂਗ, ਜਿਹੜਾ ਹਰ ਪਲ ਮਰਨ ਲਈ ਕੰਬ ਰਿਹਾ ਹੈ। ਸਵੇਰੇ ਦੇ ਚੜ੍ਹਦੇ ਹੋਏ ਸੂਰਜ ਵਿਚ ਜਿਵੇਂ ਤਰੇਲ ਸਮਾ ਜਾਂਦੀ ਹੈ ਵਿਲੀਨ ਹੋ ਜਾਂਦੀ ਹੈ, ਇਸੇ ਤਰ੍ਹਾਂ ਕਿਸੇ ਵੀ ਦਿਨ ਤੈਨੂੰ ਤਿਰੋਹਿਤ (ਅਲੋਪ) ਕਰ ਦੇਵੇਗੀ। ਇਹ ਤੇਰਾ ਹੋਣਾ ਕੋਈ ਹੋਣਾ ਹੈ ? ਇਸ ਉਤੇ ਠੀਕ ਤਰ੍ਹਾਂ ਵਿਚਾਰ ਕਰ ਲੈ। ਜਿਹਨਾਂ ਨੇ ਵੀ ਠੀਕ ਤਰ੍ਹਾਂ ਵਿਚਾਰ ਕੀਤਾ, ਉਹ ਹੀ ਅਸਤਿਤਵ ਦੀ ਖੋਜ ਵਿਚ ਲਗ ਗਏ।


## ਗੁਰਮਤ ਸੰਗੀਤ

(ਵਿਸ਼ੇਸ਼ ਅੰਕ—ਪਹਿਲਾ)

ਕੀਮਤ 20 ਰੁ:

# ਭਾਈ ਹੀਰਾ ਸਿੰਘ ਰਾਗੀ

'ਕੁਲਦੀਪ ਸਿੰਘ 'ਹਉਰਾ',
162, ਹਾਊਸਿੰਗ ਬੋਰਡ ਕਲੋਨੀ,
ਅੰਮ੍ਰਿਤਸਰ।

ਕੀਰਤਨ ਪ੍ਰੇਮੀਆਂ ਵਿੱਚ ਖਾਸ ਕਰਕੇ ਆਮ ਸਿੱਖ ਸੰਗਤਾਂ ਵਿਚ ਵੀ ਭਾਈ ਹੀਰਾ ਸਿੰਘ ਜੀ ਰਾਗੀ ਨੂੰ ਕਿਤਨੇ ਪਿਆਰ ਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ, ਇਸ ਦਾ ਪਤਾ ਇਸ ਇਕੋ ਗੱਲ ਤੋਂ ਲਗ ਜਾਂਦਾ ਕਿ ਭਾਈ ਜੋਧ ਸਿੰਘ ਜੀ ਸਦਾ ਹੀ ਆਪ ਨੂੰ "ਪੰਥ ਦਾ ਕੋਹਿਨੂਰ ਹੀਰਾ" ਕਿਹਾ ਕਰਦੇ ਸਨ।

ਐਸ ਮਹਾਨ-ਕੀਰਤਨੀਏ ਵਿਦਿਆ-ਪ੍ਰੇਮੀ ਤੇ ਨੇਕ-ਮਨੁੱਖ ਦਾ ਜਨਮ 1879 ਵਿਚ ਸ਼ਾਹਪੁਰ ਦੇ ਨੇੜੇ ਇਕ ਛੋਟੇ ਜਿਹੇ ਪਿੰਡ ਫਿਰੂਕੇ ਭਾਈ ਭਾਗ ਸਿੰਘ ਦੇ ਘਰ ਮਾਤਾ ਸਤ ਭਿਰਾਈ ਦੀ ਸਭਾਗ ਕੁਖੋਂ ਹੋਇਆ। ਆਪ ਦੀ ਮਾਤਾ ਬੜੇ ਸੁਸ਼ੀਲ ਸੁਭਾਅ, ਠੰਡੇ ਜਿਗਰੇ ਵਾਲੀ, ਨਾਮ-ਬਾਣੀ ਦੀ ਰਸੀਆ ਇਸਤਰੀ ਸੀ, ਜਿਸ ਦੇ ਸੁਭਾਅ ਦਾ ਅਸਰ ਬਾਲਕ ਹੀਰਾ ਸਿੰਘ ਨੇ ਬਹੁਤ ਕਬੂਲਿਆ।

ਭਾਈ ਹੀਰਾ ਸਿੰਘ ਨੇ ਗੁਰਮੁਖੀ ਤੇ ਗੁਰਬਾਣੀ ਦੀ ਮੁਢਲੀ ਸਿੱਖਿਆ ਭਾਈ ਮਾਹਣਾ ਸਿੰਘ ਦੀ ਧਰਮਸ਼ਾਲਾ ਵਿਚੋਂ ਪ੍ਰਾਪਤ ਕੀਤੀ। ਫੇਰ ਸਰਕਾਰੀ ਸਕੂਲ ਵਿੱਚ ਉਰਦੂ-ਫਾਰਸੀ ਆਦਿ ਵਿਸ਼ੇ ਪੰਜ ਸਾਲਾਂ ਤੱਕ ਪੜੇ। ਉਹਨਾਂ ਦੀ ਰੁਚੀ ਛੋਟ ਹੁੰਦਿਆਂ ਤੋਂ ਹੀ ਧਾਰਮਿਕ ਗ੍ਰੰਥ ਪੜ੍ਹਨ ਵੱਲ ਸੀ ਭਾਈ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਰਥਾਂ ਦੀ ਸੂਝ ਪ੍ਰਾਪਤ ਕਰਨ ਤੋਂ ਛੁਟ ਗੁਰ ਸੂਰਜ ਪ੍ਰਕਾਸ਼, ਪੰਥ ਪ੍ਰਕਾਸ਼, ਗੁਰ ਬਿਲਾਸ ਤੇ ਵਾਰਾਂ ਭਾਈ ਗੁਰਦਾਸ ਜੀ ਆਦਿ ਗ੍ਰੰਥ ਦਾ ਵੀ ਅਧਿਐਨ ਕੀਤਾ। ਇਸ ਤਰ੍ਹਾਂ ਆਪ ਨੂੰ ਕਾਫ਼ੀ ਬਾਣੀ ਕੰਠ ਹੋ ਗਈ। ਕੀਰਤਨ ਕਰਦੇ ਸਮੇਂ ਉਹ ਬਾਣੀ ਚੋਂ ਹਵਾਲੇ ਦੇ ਕੇ ਵਖਿਆਨ ਨੂੰ ਕਾਫ਼ੀ ਪ੍ਰਭਾਵਸ਼ਾਲੀ ਬਣਾ ਦਿੰਦੇ ਸਨ।

19 ਸਾਲਾਂ ਦੀ ਉਮਰ ਵਿੱਚ ਭਾਈ ਸਾਹਿਬ ਆਪਣੀ ਪਤਨੀ ਪ੍ਰੇਮ ਕੌਰ ਨਾਲ ਅੰਮ੍ਰਿਤਸਰ ਆ ਗਏ ਤੇ ਸਤੋ ਵਾਲੀ ਗਲੀ ਵਿੱਚ ਭਾਈ ਅਮੀਰ ਸਿੰਘ ਜੀ ਦੀ ਧਰਮਸ਼ਾਲਾ ਵਿਚ ਰਹਿਣ ਲਗੇ। ਆਪ ਰੋਜ਼ ਸਮੇਂ ਸ੍ਰੀ ਦਰਬਾਰ ਸਾਹਿਬ ਹਾਜ਼ਰੀ ਭਰਦੇ ਸਨ। ਉਥੇ ਭਾਈ ਵੀਰ ਸਿੰਘ ਜੀ ਦੀ ਪਾਰਖ ਨਜ਼ਰ ਆਪ ਉਤੇ ਪੈ ਗਈ ਤੇ ਉਹ ਆਪ ਨੂੰ "ਖਾਲਸਾ ਟਰੈਕਟ ਸੁਸਾਇਟੀ" ਵਿਚ ਲੈ ਗਏ। ਇਸ ਤਰ੍ਹਾਂ ਭਾਈ ਵੀਰ ਸਿੰਘ ਜੀ ਦੇ ਨਿਕਟ ਵਿਚਰਦਿਆਂ ਆਪ ਦਾ ਦ੍ਰਿਸ਼ਟੀਕੋਣ ਹੋਰ ਵਿਸ਼ਾਲ ਹੋ ਗਿਆ। ਹਰਿਮੰਦਰ ਸਾਹਿਬ ਵਿਖੇ ਜਦੋਂ ਬ੍ਰਹਮ ਗਿਆਨੀ ਸੰਤ ਸ਼ਾਮ ਸਿੰਘ ਜੀ ਕੀਰਤਨ ਕਰਦੇ ਤਾਂ ਭਾਈ

ਹੀਰਾ ਸਿੰਘ ਜੀ ਆਪ ਦੇ ਪਿਛੇ ਬੈਠ ਕੇ ਸ਼ਬਦ ਪੜ੍ਹਿਆ ਕਰਦੇ ਸਨ। ਵਿਹਲੇ ਸਮੇਂ ਵਿਚ ਆਪ ਮਹੰਤ ਤਖਤ ਸਿੰਘ ਖੀ ਪਾਸੋਂ ਹਰਮੋਨੀਅਮ ਨਾਲ ਕੀਰਤਨ ਸਿਖਿਆ ਕਰਦੇ ਸਨ। ਹੁਣ ਤਕ ਆਪ ਚੌਕ ਕਰੋੜੀ ਵਿਚ ਮਕਾਨ ਕਿਰਾਏ ਤੇ ਲੈ ਕੇ ਪਰਿਵਾਰ ਸਮੇਤ ਉਥੇ ਆ ਟਿਕੇ ਸਨ। ਕੁਝ ਸਮਾ ਪਿਛੋਂ ਆਪ ਦੇ ਪਿਤਾ ਭਾਈ ਭਾਗ ਸਿੰਘ ਵੀ ਅੰਮ੍ਰਿਤਸਰ ਆ ਗਏ ਤੇ ਭਾਈ ਵੀਰ ਸਿੰਘ ਜੀ ਦੀ ਪ੍ਰੇਰਨਾ ਨਾਲ ਪਿਤਾ-ਪੁਤਰ ਰਲਕੇ ਕੀਰਤਨ ਕਰਨ ਲਗ ਪਏ। ਭਾਈ ਵੀਰ ਸਿੰਘ ਜੀ ਦੀ ਸੰਗਤ ਵਿਚ ਰਹਿੰਦਿਆਂ ਆਪ ਨੂੰ ਗੁਰਮਤਿ ਸਾਹਿਤ ਦੇ ਅਧਿਐਨ ਦਾ ਹਰ ਅਵਸਰ ਮਿਲ ਗਿਆ। ਆਪ ਦੇ ਕੀਰਤਨੀ ਜਥੇ ਦੀ ਸੋਭਾ ਪਹਿਲੋਂ ਕੇਵਲ ਅੰਮ੍ਰਿਤਸਰ ਸ਼ਹਿਰ ਤੱਕ ਹੀ ਸੀਮਤ ਸੀ ਪਰ ਹੌਲੇ ਹੌਲੇ ਆਲ ਦੁਆਲ ਦੇ ਇਲਾਕੇ ਵਿੱਚ ਵੀ ਫੈਲ ਗਈ। ਆਪ ਬੜੀ ਸ਼ਰਧਾ ਭਾਵਨਾ ਤੇ ਸਤਿਕਾਰ ਨਾਲ ਕੀਰਤਨ ਕਰਿਆ ਕਰਦੇ ਸਨ। ਹੁਣ ਤਕ ਸਿੰਘ ਸਭਾ ਦੇ ਪ੍ਰਭਾਵ ਨਾਲ ਕਈ ਸ਼ਹਿਰਾਂ ਵਿੱਚ ਗੁਰਮਤਿ ਪ੍ਰਚਾਰ ਹੋਣ ਲਗ ਪਏ ਸਨ। ਇਹਨਾਂ ਸਾਰੇ ਸਮਾਗਮਾਂ ਵਿੱਚ ਭਾਈ ਭਾਗ ਸਿੰਘ ਹੀਰਾ ਸਿੰਘ ਦਾ ਕੀਰਤਨੀ ਜਥਾ ਪੁਜਦਾ ਤੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦਾ। ਇਸ ਤਰ੍ਹਾਂ ਆਪ ਦੇ ਜਥੇ ਨੇ ਪੰਜਾਬ ਦੇ ਛੋਟੇ ਵਡੇ ਸ਼ਹਿਰਾਂ ਵਿੱਚ, ਕਸ਼ਮੀਰ, ਸਰਹੱਦੀ ਸੂਬਾ, ਯੂ. ਪੀ. ਸਿੰਧ, ਬੰਗਾਲ, ਬਲੋਚਸਤਾਨ ਆਦਿ ਪ੍ਰਾਂਤਾਂ ਵਿੱਚ ਥਾਂ ਥਾਂ ਤੇ ਜਾ ਕੇ ਕੀਰਤਨ ਤੇ ਵਿਆਖਿਆ ਦੁਆਰਾ ਸਿੱਖੀ ਦਾ ਪ੍ਰਚਾਰ ਕੀਤਾ ਤੇ ਸਿੱਖਾਂ ਨੂੰ ਧਾਰਮਿਕ ਤੌਰ ਤੇ ਸੁਚੇਤ ਕੀਤਾ। ਭਾਈ ਹੀਰਾ ਸਿੰਘ ਦੇ ਹਿਰਦੇ ਅੰਦਰ ਇਕ ਲਗਨ ਸੀ, ਇਕ ਤੜਪ ਸੀ ਕਿ ਕਿਸੇ ਤਰ੍ਹਾਂ ਸਾਰੇ ਸੰਸਾਰ ਅੰਦਰ ਸਿੱਖੀ ਦਾ ਪ੍ਰਚਾਰ ਹੋਵੇ। ਇਕ ਸਿੱਖ ਇਤਿਹਾਸਕਾਰ ਬਾਵਾ ਪ੍ਰੇਮ ਸਿੰਘ ਹੋਤੀ ਨੇ 30 ਅਗਸਤ 195। ਨੂੰ "ਖਾਲਸਾ ਸਮਾਚਾਰ" ਵਿੱਚ ਇਕ ਲੇਖ ਛਪਵਾਇਆ ਸੀ ਜਿਸ ਵਿਚ ਲਿਖਿਆ ਸੀ, "ਇਹ ਸੀ ਭਾਈ ਹੀਰਾ ਸਿੰਘ ਦੇ ਅਮੋਲਕ ਕੀਰਤਨ ਦਾ ਅਸਰ, ਜਿਸ ਦੇ ਸੁਣਨ ਨਾਲ ਕੱਟੜ ਵਿਰੋਧੀਆਂ ਦਾ ਸਾਰਾ ਪਿੰਡ, ਜਿਹੜੇ ਗੁਰ-ਮਰਯਾਦਾ ਕਰਨ ਵਾਲਿਆਂ ਨੂੰ ਗੋਲੀਆਂ ਨਾਲ ਉਡਾ ਦੇਣਾ ਚਾਹੁੰਦੇ ਸਨ, ਵੈਰੀਆਂ ਤੋਂ ਪਲਟ ਕੇ ਮਿੱਤਰ ਅਤੇ ਗੁਰੂ ਘਰ ਦੇ ਪਿਆਰ ਵਾਲੇ ਸ਼ਰਧਾਲੂ ਬਣ ਗਏ, ਜਦ ਚੀਫ ਖਾਲਸਾ ਦੀਵਾਨ ਵਲੋਂ ਸਿੱਖ ਐਜੂਕੇਸ਼ਨ ਕਾਨਫਰੰਸ ਸਥਾਪਤ ਕੀਤੀ ਗਈ ਤੇ ਖਾਲਸਾ ਸਕੂਲ ਤੇ ਕਾਲਜ ਖੋਲੇ ਜਾਣ ਲਗੇ ਤਾਂ ਵਿਦਿਅਕ-ਪ੍ਰਚਾਰ ਖਾਤਰ ਭਾਈ ਹੀਰਾ ਸਿੰਘ ਜੀ ਨੇ ਥਾਂ ਥਾਂ ਜਾ ਕੇ ਵਿਦਿਆ ਦੇ ਹੱਕ ਵਿੱਚ ਪ੍ਰਚਾਰ ਕੀਤਾ ਤੇ ਹਰ ਆਸ਼ਰਮ ਲਈ ਆਪਣੀ ਸੇਵਾ ਅਰਪਣ ਕੀਤੀ ਤੇ ਵਿਦਿਅਕ ਆਸ਼ਰਮਾਂ ਲਈ ਮਾਇਆ ਇਕੱਠੀ ਕਰਵਾਈ। ਆਪ ਨੇ ਆਪਣੇ ਪਿੰਡ ਫਿਰੂਕਾ ਵਿੱਚ ਖਾਲਸਾ ਹਾਈ ਸਕੂਲ ਖੋਲਿਆ। ਜਦ ਵੀ ਆਪ ਬਾਹਰੋਂ ਪ੍ਰਚਾਰ-ਦੌਰਿਆਂ ਤੋਂ ਵਾਪਸ ਘਰ ਆਉਂਦੇ ਤਾਂ ਪਹਿਲਾਂ ਫਿਰੂਕਾ ਸਕੂਲ ਵਿਚ ਹਾਜ਼ਰੀ ਭਰਦੇ। ਵਿਦਿਆਰਥੀਆਂ ਨੂੰ ਗੁਰਮਤਿ ਤੇ ਨੈਤਿਕਤਾ ਬਾਰੇ ਚੰਗੀਆਂ-ਚੰਗੀਆਂ ਤੇ ਨਵੀਆਂ-ਨਵੀਆਂ ਗੱਲਾਂ ਦਸਦੇ ਰਹਿੰਦੇ। ਭਾਈ ਹੀਰਾ ਸਿੰਘ ਜੀ ਦੀ ਰਸਨਾ ਵਿੱਚ ਸਰੋਤਿਆਂ ਨੂੰ ਕੀਲ ਲੈਣ ਵਾਲਾ ਰਸ ਸੀ। ਜੋ ਉਹਨਾਂ ਦਾ ਵਖਿਆਨ ਸੁਣ ਲੈਂਦਾ, ਉਹਨਾਂ ਤੋਂ ਤੇ ਉਹਨਾਂ ਦੇ ਵਿਚਾਰਾਂ

ਤੋਂ ਪ੍ਰਭਾਵਤ ਹੋਏ ਬਗੈਰ ਨਾ ਰਹਿੰਦਾ ।

ਕਈ ਵਾਰੀ ਤਾਂ ਭਾਈ ਸਾਹਿਬ ਆਪਣੀ ਜਾਨ ਖਤਰੇ ਵਿੱਚ ਪਾ ਕੇ ਵੀ ਅਨੰਦ-ਕਾਰਜ ਦੀ ਰਸਮ ਕਰਾਉਂਦੇ ਸਨ, ਕਿਉਂਕਿ ਬਦੀ ਨਾਲ ਲਾਵਾਂ ਕਰਨ ਵਾਲੇ ਲੋਕ ਉਹਨਾਂ ਦਾ ਸਖਤ ਵਿਰੋਧ ਕਰਦੇ ਸਨ ।

ਸਿੱਖ ਐਜੂਕੇਸ਼ਨ ਕਾਨਫਰੰਸਾਂ ਦੇ ਸਮੇਂ ਧਾਰਮਿਕ ਦੀਵਾਨਾਂ ਵਿਚ ਆਪ ਕੀਰਤਨ ਦੁਆਰਾ ਰੰਗ ਬੰਨ੍ਹਦੇ, ਉਹ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ । ਗੁਜਰਾਂਵਾਲਾ ਵਿੱਚ ਹੋਈ 1908 ਵਿੱਚ ਪਹਿਲੀ ਕਾਨਫਰੰਸ ਤੋਂ ਲੈ ਕੇ ਆਪਣ ਜੀਵਨ ਕਾਲ ਦੀ ਅੰਤਲੀ 1923 ਵਾਲੀ ਕਾਨਫਰੰਸ ਤਕ ਆਪ ਕਾਨਫਰੰਸਾਂ ਦੀਆਂ ਸਫਲਤਾਵਾਂ ਲਈ ਆਪਣਾ ਨਿਸ਼ਕਾਮ ਯਗਦਾਨ ਪਾਉਂਦੇ ਰਹੇ ।

4 ਨਵੰਬਰ 1903 ਨੂੰ ਚੀਫ ਖਾਲਸਾ ਦੀਵਾਨ ਵਲੋਂ ਪ੍ਰਚਾਰ ਖਾਤਰ ਜਿਹੜੇ ਜਥੇ ਨਨਕਾਣਾ ਸਾਹਿਬ ਗਏ, ਉਹਨਾਂ ਵਿੱਚ ਭਾਈ ਭਾਗ ਸਿੰਘ ਹੀਰਾ ਸਿੰਘ ਦਾ ਰਾਗੀ ਜਥਾ ਵੀ ਸੀ । ਉਹਨਾਂ ਦੇ ਕੀਰਤਨ ਤੋਂ ਸੰਗਤਾਂ ਏਨੀਆਂ ਪ੍ਰਭਾਵਤ ਹੋਈਆਂ ਕਿ ਭਾਈ ਸਾਹਿਬ ਆਪਣੇ ਜੀਵਨ-ਕਾਲ ਵਿੱਚ ਹਰ ਸਾਲ ਗੁਰੂ ਨਾਨਕ ਪ੍ਰਕਾਸ਼ ਪੂਰਬਾਂ ਤੇ ਹਾਜ਼ਰੀ ਭਰਦੇ ਰਹੇ ।

20 ਫਰਵਰੀ 1921 ਨੂੰ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਵਾਪਰਿਆ । ਜਿਸ ਦਿਨ ਇਹ ਸਾਕਾ ਵਾਪਰਿਆ, ਭਾਈ ਸਾਹਿਬ ਗੁਰੂ ਕੀ ਗਲੋਟੀਆਂ ਜ਼ਿਲਾ ਸਿਆਲਕੋਟ ਦੇ ਦੀਵਾਨ ਵਿੱਚ ਕੀਰਤਨ ਕਰ ਰਹੇ ਸਨ । ਖਬਰ ਸੁਣਦਿਆਂ ਹੀ ਆਪ ਨਨਕਾਣੇ ਸਾਹਿਬ ਪੁਜੇ ਤੇ ਸ਼ਹੀਦ ਸਿੰਘਾਂ ਦੀਆਂ ਸੜੀਆਂ, ਅੱਧ-ਸੜੀਆਂ ਲੋਥਾਂ ਵੇਖਕੇ, ਗਮਗੀਨ ਹੋ ਗਏ । ਜਦੋਂ ਜਨਮ-ਸਥਾਨ ਦ ਅੰਦਰ ਜਾਕੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਗੋਲੀਆਂ ਨਾਲ ਜ਼ਖਮੀ ਬੀੜ ਦੇ ਦਰਸ਼ਨ ਕੀਤੇ ਤਾਂ ਆਪ ਦੀਆਂ ਭੁਬਾਂ ਨਿਕਲ ਗਈਆਂ । ਸ਼ਹੀਦੀ ਬੀੜ ਦਾ ਪ੍ਰਕਾਸ਼ ਭਾਈ ਹੀਰਾ ਸਿੰਘ ਜੀ ਨੇ ਹੀ ਕੀਤਾ ਸੀ । ਉਸ ਪਾਵਨ ਪਵਿੱਤਰ ਬੀੜ ਵਿੱਚ ਸੱਤ ਗੋਲੀਆਂ ਭਾਈ ਹੀਰਾ ਸਿੰਘ ਜੀ ਨੇ ਆਪਣੇ ਹੱਥੀ ਕਦੀਆਂ ਸਨ । ਭਾਈ ਸਾਹਿਬ ਹੋਰਾਂ ਸਿੰਘਾਂ ਨੂੰ ਨਾਲ ਲੈ ਕੇ ਸ਼ਹੀਦ ਸਿੰਘਾਂ ਦੀਆਂ ਦੀਆਂ ਲੋਥਾਂ ਇਕੱਠੀਆਂ ਕਰਨ ਵਿਚ ਰੁੱਝ ਗਏ । ਸਸਕਾਰ ਤੋਂ ਪਿਛੋਂ ਸ਼ਹੀਦੀ ਬੀੜ ਵਿਚੋਂ ਵਾਕ ਵੀ ਭਾਈ ਹੀਰਾ ਸਿੰਘ ਜੀ ਨੇ ਹੀ ਲਿਆ ਸੀ ।

ਆਪ ਜੀ ਦਾ ਜੀਵਨ ਬੜੀ ਕਰੜੀ ਘਾਲਣਾ ਦਾ ਜੀਵਨ ਸੀ । ਆਮ ਤੌਰ ਤੇ ਸਵੇਰੇ ਢਾਈ ਵਜੇ ਜਾਗਦੇ, ਇਸ਼ਨਾਨ ਆਦਿ ਪਿਛੋਂ ਨਿਤਨੇਮ ਤੇ ਨਾਮ-ਸਿਮਰਨ ਕਰਕੇ ਚਾਰ ਕੁ ਵਜੇ ਕੀਰਤਨ ਲਈ ਬੈਠ ਜਾਂਦੇ । ਆਸਾ ਦੀ ਵਾਰ ਦੇ ਕੀਰਤਨ ਪਿਛੋਂ ਕਈ ਵਾਰ ਗੁਰੂ-ਸ਼ਬਦ ਦੀ ਵਿਆਖਿਆ ਵੀ ਕਰਦੇ । ਸ਼ਾਮ ਦੇ ਦੀਵਾਨ ਵਿਚ ਹਾਜ਼ਰੀ ਭਰਕੇ ਰਾਤੀ ਨੌਂ ਕੁ ਵਜੇ ਵਿਹਲੇ ਹੋ ਕੇ ਵਿਸਰਾਮ ਕਰਦੇ । ਇਹ ਘਾਲਣਾ 26-26 ਸਾਲ ਲਗਾਤਾਰ ਤੇ ਨਿਰੰਤਰ ਚਲਦੀ ਰਹੀ । ਬਹੁਤੀ ਖੇਚਲ ਨਾ ਸਹਾਰ ਸਕਣ ਕਰਕੇ ਆਪ ਦਾ ਸਰੀਰ ਰੋਗੀ ਹੋ ਗਿਆ । ਪਰ ਸੰਗਤਾਂ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਸਮਾਗਮਾਂ

ਤੇ ਪੂਜਦੇ ਰਹੇ। 1924 ਵਿਚ ਪਤਾ ਚਲਿਆ ਕਿ ਆਪ ਨੂੰ ਆਂਦਰਾ ਦਾ ਕੈਂਸਰ ਹੋ ਗਿਆ ਹੈ ਪਰ ਤਾਂ ਵੀ ਆਪ ਸੇਵਾ ਵਿਚ ਜੁਟ ਰਹੇ। ਅੰਤਲੇ ਕੁਝ ਦਿਨ ਮੰਜੇ ਤੇ ਰਹਿਕੇ 2 ਸਤੰਬਰ 1926 ਨੂੰ ਆਪ ਗੁਰਪੁਰੀ ਸਿਧਾਰ ਗਏ। ਭਾਈ ਹੀਰਾ ਸਿੰਘ ਜੀ ਦੀਆਂ ਸੇਵਾਵਾਂ ਨੂੰ ਮੁਖ ਰਖਦਿਆਂ ਹੋਇਆਂ 28 ਮਈ 1972 ਨੂੰ ਕੇਂਦਰੀ ਸਿਖ ਅਜਾਇਬ ਘਰ ਅੰਮ੍ਰਿਤਸਰ ਵਿਚ ਆਪ ਦੀ ਤਸਵੀਰ ਲਗਾਈ ਗਈ। ਤਸਵੀਰ ਲਗਉਣ ਦੀ ਰਸਮ ਉਸ ਸਮੇਂ ਦੇ ਹੈਡ ਗਰੰਥੀ ਸ੍ਰੀ ਦਰਬਾਰ ਸਾਹਿਬ ਗਿਆਨੀ ਚੇਤ ਸਿੰਘ ਜੀ ਨੇ ਨਿਭਾਈ।

ਇਸੇ ਤਰ੍ਹਾਂ ਆਪ ਜੀ ਦੀਆਂ ਕੀਰਤਨ ਪ੍ਰਤੀ ਸ਼ਰਧਾ-ਭਰੀਆਂ ਸੇਵਾਵਾਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਚੀਫ ਖਾਲਸਾ ਦੀਵਾਨ ਵਲੋਂ 8 ਸਤੰਬਰ 1982 ਤੋਂ ਸੈਂਟਰਲ ਖਾਲਸਾ ਯਤੀਮਖਾਨਾ ਅੰਮ੍ਰਿਤਸਰ ਵਿਚ "ਭਾਈ ਹੀਰਾ ਸਿੰਘ ਰਾਗੀ ਕੀਰਤਨ-ਵਿਦਿਆਲਾ" ਖੋਲ੍ਹ ਦਿਤਾ ਗਿਆ। ਇਸ ਵਿਦਿਆਲੇ ਵਿਚ ਲੋੜਵੰਦ ਵਿਦਿਆਰਥੀ ਤੰਤੀ-ਸਾਜ਼ਾਂ ਦੀ ਸਿਖਲਾਈ ਲੈਕੇ ਗੁਰਬਾਣੀ ਦਾ ਕੀਰਤਨ ਕਰਨ ਦੀ ਸਿਖਿਆ ਪਰਾਪਤ ਕਰਕੇ ਲਾਭ ਉਠਾਉਂਦੇ ਹਨ।

ਭਾਈ ਹੀਰਾ ਸਿੰਘ ਰਾਗੀ ਜੀ ਦਾ ਨੂਰਾਨੀ ਚਿਹਰਾ, ਖਿੜਿਆ ਚਮਕਦਾ ਮਸਤਕ ਤੇ ਨਾਮ ਰਸ ਭਿੰਨੇ ਨੈਣ ਉਹਨਾਂ ਦੀ ਉਚੀ ਆਤਮਿਕ-ਅਵਸਥਾ ਦੇ ਸੂਚਕ ਸਨ।

# ਕੀਰਤਨ ਭਗਤੀ

—ਆਵਤ ਸਿੰਘ
11/2 ਓਲਡ ਰਾਜਿੰਦਰ ਨਗਰ,
ਨਵੀਂ ਦਿੱਲੀ

ਸਿਖ ਧਰਮ ਵਿਚ ਸ਼ਰੋਮਣੀ ਭਗਤੀ ਕੀਰਤਨ ਭਗਤੀ ਹੈ, ਇਹ ਗੁਰੂ ਨਾਨਕ ਪਾਤਸ਼ਾਹ ਦੀ ਕ੍ਰਿਪਾ ਹੈ। ਗੁਰੂ ਪਾਤਸ਼ਾਹ ਨੇ "ਧੁਰ ਕੀ ਬਾਣੀ ਆਈ ਤਿਨ ਸਗਲੀ ਚਿੰਤ ਮਿਟਾਈ" ਬਾਣੀ ਦੇ ਕੀਰਤਨ ਰਾਹੀਂ ਕੀਰਤ ਕਰਨ ਦਾ ਉਪਦੇਸ਼ ਤੇ ਪ੍ਰਚਾਰ ਕੀਤਾ। ਜਿਥੇ ਜਿਥੇ ਵੀ ਗੁਰੂ ਨਾਨਕ ਪਾਤਸ਼ਾਹ ਗਏ ਸਤਿ ਸੰਗਤ ਤੇ ਹਰੀ ਜਸ ਕੀਰਤਨ ਦਾ ਪਰਚਾਰ ਕੀਤਾ। ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਲਿਖਦੇ ਹਨ :

ਘਰ ਘਰ ਅੰਦਰ ਧਰਮਸਾਲ, ਹੋਵੈ ਕੀਰਤਨ ਸਦਾ ਵਿਸੋਆ।

ਬਗਦਾਦ ਦੀ ਫੇਰੀ ਵੇਲੇ ਉਥੋਂ ਦੇ ਪੀਰਾਂ ਨੇ ਗੁਰੂ ਸਾਹਿਬ ਨੂੰ ਕੀਰਤਨ ਕਰਨੋਂ ਰੋਕ ਦਿਤਾ ਤੇ ਕਹਿਣ ਲੱਗੇ ਕਿ ਇਸ ਨਾਲ ਸ਼ੈਤਾਨ ਆਉਂਦਾ ਹੈ। ਸਾਡੇ ਮਤ ਵਿਚ ਕੀਰਤਨ ਭਗਤੀ ਨੂੰ ਚੰਗਾ ਨਹੀਂ ਮੰਨਿਆ ਜਾਂਦਾ। ਗੁਰੂ ਜੀ ਚੁਪ ਕਰ ਗਏ। ਕੁਝ ਘੜੀਆਂ ਬੀਤੀਆਂ ਤਾਂ ਗੁਰੂ ਸਾਹਿਬ ਨੇ ਨਿਰੰਕਾਰ ਨਾਲ ਬਿਰਤੀ ਜੋੜ ਕੇ ਐਸਾ ਸ਼ਬਦ ਉਚਾਰਿਆ ਜਿਸ ਨੂੰ ਸੁਣ ਕੇ ਸਾਰੀ ਨਗਰੀ ਸੁੰਨ ਸਮਾਧ ਦੀ ਅਵਸਥਾ ਵਿਚ ਪਹੁੰਚ ਗਈ ਇਹ ਵੇਖ ਕੇ ਉਥੋਂ ਦੇ ਪੀਰ ਗੁਰੂ ਨਾਨਕ ਦੇ ਚਰਨਾਂ ਵਿਚ ਢਹਿ ਪਏ। ਅਜ ਵੀ ਬਗਦਾਦ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਮਰਦਾਨੇ ਦੀ ਰਬਾਬ ਸੁਣਨ ਨੂੰ ਤਰਸ ਰਿਹਾ ਹੈ। ਅਤੇ ਜਦੋਂ ਔਰੰਗਜ਼ੇਬ ਦਿਲੀ ਦੇ ਤਖਤ ਤੇ ਬੈਠਾ ਤਾਂ ਉਸਨੇ ਕੀਰਤਨ ਕਰਨ ਅਤੇ ਗਾਉਣ ਤੇ ਪਾਬੰਦੀ ਲਗਾ ਦਿਤੀ। ਇਕ ਦਿਨ ਔਰੰਗਜ਼ੇਬ ਦੀ ਲੜਕੀ ਅੰਮ੍ਰਿਤ ਵੇਲੇ ਆਪਣੇ ਬਾਗ ਵਿਚ ਸੈਰ ਕਰ ਰਹੀ ਸੀ ਤਾਂ ਉਸ ਨੇ ਇਕ ਅਜੀਬ ਨਜ਼ਾਰਾ ਦੇਖਿਆ। ਅੰਮ੍ਰਿਤ ਵੇਲੇ ਸਾਰੇ ਪੰਛੀ ਆਪੋ-ਆਪਣੀ ਬੋਲੀ ਵਿਚ ਮਿਠੀ ਸੁਰੀਲੀ ਆਵਾਜ਼ ਵਿਚ ਖੁਦਾ ਦੇ ਗੁਣ ਗਾ ਰਹੇ ਸਨ। ਜਿਸ ਤਰ੍ਹਾਂ ਗੁਰਬਾਣੀ ਵਿਚ ਲਿਖਿਆ ਹੈ :

**ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ**
ਸੁ ਬਿਨ ਹਰਿ ਜਾਪਤ ਹੈ ਨਹੀਂ ਹੋਰ।

ਉਸ ਨੇ ਆਪਣੇ ਅੱਬਾ ਔਰੰਗਜ਼ੇਬ ਨੂੰ ਕਿਹਾ ਕਿ ਅੱਬਾ ਤੁਸਾਂ ਰਾਗ ਗਾਉਣਾ ਅਤੇ ਕੀਰਤਨ ਕਰਨਾ ਬੰਦ ਕਰ ਦਿਤਾ ਹੈ ਪਰ ਕੀ ਤੁਸੀਂ ਇਹਨਾਂ ਪੰਛੀਆਂ ਦੀ ਆਵਾਜ਼ ਬੰਦ ਕਰ ਸਕਦੇ ਹੋ ? ਇਹ ਗੱਲ ਸੁਣ ਕੇ ਉਹ ਉਤਰ ਨਾ ਦੇ ਸਕਿਆ। ਤੇ ਕੁਝ ਸਮਾਂ ਬਾਅਦ ਪਾਬੰਦੀ ਹਟਾ ਦਿਤੀ।

ਪੰਚਮ ਪਾਤਸ਼ਾਹ ਨੇ ਫੁਰਮਾਇਆ ਕਿ ਕਲਯੁਗ ਵਿਚ ਸਭ ਤੋਂ ਸ਼ਰੋਮਣੀ ਕਰਮ-ਧਰਮ ਸਾਧ-ਸੰਗਤ ਵਿਚ ਜਾ ਕੇ ਕੀਰਤਨ ਕਰਨਾ ਤੇ ਸੁਣਨਾ ਹੈ :

ਮਨ ਮਹਿ ਚਿਤਵਉ ਚਿਤਵਨੀ, ਉਦਮ ਕਰਉ ਉਠਿ ਨੀਤ ।
ਹਰਿ ਕੀਰਤਨ ਕਾ ਆਹਰੋ, ਹਰਿ ਦੇਹੁ ਨਾਨਕ ਕੇ ਮੀਤ ॥

ਗੁਰੂ ਪਾਤਿਸ਼ਾਹ ਮੰਗ ਕਰ ਰਹੇ ਹਨ :

ਸੋ ਅਸਥਾਨ ਬਤਾਵਹੁ ਮੀਤਾ ।
ਜਾ ਕੈ ਹਰਿ ਹਰਿ ਕੀਰਤਨ ਨੀਤਾ ।

ਜੀਵ ਜੰਮਣ ਮਰਨ ਤੋਂ ਰਹਿਤ ਹੋ ਜਾਂਦੇ ਹਨ :

ਜੰਮਣੁ ਮਰਣੁ ਨ ਤਿਨ ਕਉ, ਜੋ ਹਰਿ ਲੜਿ ਲਾਗੇ ।
ਜੀਵਤ ਸੇ ਪਰਵਾਣੁ ਹੋਏ, ਹਰਿ ਕੀਰਤਨਿ ਜਾਗੇ ॥

ਮਨੁਖਾਂ ਦੀ ਖੋਟੀ ਮਤ ਨਾਸ ਹੋ ਜਾਂਦੀ ਹੈ ।

ਜੋ ਜੋ ਕਥੈ ਸੁਨੈ ਹਰਿ ਕੀਰਤਨੁ, ਤਾ ਕੀ ਦੁਰਮਤਿ ਨਾਸ ।

ਕੀਰਤਨ ਕਰਨ ਤੇ ਸੁਣਨ ਨਾਲ ਮਨੁਖ ਜੂਨੀਆਂ ਵਿਚ ਨਹੀਂ ਪੈਂਦਾ ।

ਹਰਿ ਦਿਨੁ ਰੈਨਿ ਕੀਰਤਨ ਗਾਈਐ, ਬਹੁੜ ਨ ਜੋਨੀ ਪਾਈਐ ।

ਅੰਤਿਕਾ :

ਅਜ ਦੇ ਸਮੇਂ ਵਿਚ ਕੀਰਤਨ ਨਾਲ ਇਕ-ਮਿਕ ਹੋਣਾ ਬਹੁਤ ਆਸਾਨ ਹੋ ਗਿਆ ਹੈ । ਰੇਡੀਓ, ਟੀ. ਵੀ. ਕੈਸਟਾਂ ਰਾਹੀਂ ਮਨ ਨੂੰ ਸ਼ਬਦ ਨਾਲ ਜੋੜਿਆ ਜਾ ਸਕਦਾ ਹੈ । ਜਿਹੜੇ ਕੀਰਤਨ ਨਹੀਂ ਕਰ ਸਕਦੇ ਉਹਨਾਂ ਨੂੰ ਕੀਰਤਨ ਸੁਣਨਾ ਚਾਹੀਦਾ ਹੈ । "ਸੁਣੀਐ ਲਾਗੈ ਸਹਿਜ ਧਿਆਨ" । ਭਾਵ ਕੀਰਤਨ ਕਰਕੇ ਜਾਂ ਸੁਣਕੇ ਸੁਰਤ ਨੂੰ ਸ਼ਬਦ ਨਾਲ ਜੋੜਨ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ । ਇਹੋ ਹੀ ਕੀਰਤਨ ਭਗਤੀ ਹੈ ।

# ਭਾਈ ਸਮੁੰਦ ਸਿੰਘ ਜੀ ਦੀਆਂ ਯਾਦਾਂ ਚੋਂ ਇਕ ਯਾਦ ਕ੍ਰਿਸ਼ਮਾ

—ਪ੍ਰੋ: ਰਣਜੀਤ ਸਿੰਘ

ਭਾਈ ਸਾਹਿਬ ਦੀਆਂ ਅਮਿੱਟ ਯਾਦਾਂ ਚੋਂ ਇਕ ਯਾਦ, ਜੋ ਅੱਜ ਵੀ ਸਾਡੇ ਦਿਲਾਂ ਦੀਆਂ ਡੂੰਘਾਈਆਂ ਚੋਂ ਹੋਠਾਂ ਦੀਆਂ ਅਮੋਘ ਛੱਲਾਂ ਰਾਹੀਂ ਉਸ ਵੀਹਵੀਂ ਸਦੀ ਦੇ ਸੁਘੜ ਕੀਰਤਨ ਕਰਨ ਵਾਲੇ ਨੂੰ ਹਰ ਵੇਲੇ ਯਾਦ ਰਖਣੀ ਹੈ। ਉਹ ਆਪਣੇ ਅੰਤਲੇ ਸਵਾਸਾਂ ਤੀਕ ਕੀਰਤਨ ਅਤੇ ਕੀਰਤੀ ਦੇ ਰੰਗ ਵਿਚ ਜਵਾਨੀ ਵਾਂਗ ਹੀ ਸਰਾਬੋਰ ਰਿਹਾ। ਐਸਾ ਹੀਰਾ ਕੀਰਤਨੀਆਂ ਸ਼ਾਇਦ ਹੀ ਸੰਗਤ ਨੂੰ ਜੀਵਨ ਵਿਚ ਕਿਸੇ ਪੜਾ ਤੇ ਮਿਲੇ, ਜਿਸਨੇ ਨਿਰਾ ਸਰੋਤਿਆਂ ਨੂੰ ਹੀ ਨਹੀਂ ਬਲਕਿ ਸੰਗੀਤਕਾਰਾਂ ਨੂੰ ਵੀ ਸੁਰੀਲੀ ਆਵਾਜ਼, ਕੀਰਤਨ ਦੁਆਰਾ ਕੀਲ ਕੇ ਰਖਿਆ ਹੋਵੇ। ਭਾਈ ਸਾਹਿਬ ਦੀ ਗਾਇਕੀ, ਕੀਰਤਨ ਸ਼ੈਲੀ ਨੂੰ ਜਦੋਂ ਬੜੇ ਗੁਲਾਮ ਅਲੀ ਖਾਂ ਸਾਹਿਬ ਨੇ ਲਾਹੌਰ ਰੇਡੀਓ ਤੋਂ ਪਹਿਲੀ ਵਾਰ ਸੁਣਿਆ ਤਾਂ ਬੜੇ ਪ੍ਰਭਾਵਿਤ ਹੋਏ, ਤਾਂ ਫੋਨ ਤੇ ਪੁਛਿਆ ਭਾਈ ਸਾਹਿਬ ਤੁਸੀਂ ਕਿਸ ਖਾਂ ਸਾਹਿਬ ਦੇ ਸ਼ਾਗਿਰਦ ਹੋ, ਜਵਾਬ ਸੀ ਮੈਂ ਆਪਣੇ ਪਿਤਾ ਭਾਈ ਹਜ਼ੂਰਾ ਸਿੰਘ ਤੋਂ ਹੀ ਕੀਰਤਨ ਦੀ ਗੁੜਤੀ ਲਈ ਹੈ।

ਭਾਈ ਸਾਹਿਬ ਦੀ ਗਾਇਕੀ, ਸੁਰੀਲੀ ਆਵਾਜ਼, ਮਿਠ-ਬੋਲੜਾ ਸੁਭਾ, ਹਸੂੰ-ਹਸੂੰ ਕਰਦਾ ਚਿਹਰਾ (ਬਿਬੇਕ ਬੁਧ ਸਤਿਗੁਰ ਤੇ ਪਾਈ) ਦੀ ਅਮੋਲ ਦਾਤ ਦੇ ਨਾਲ-ਨਾਲ ਕਠਿਨ ਤਾਲਾਂ ਦੀਆਂ ਪੁਰਾਤਨ ਬੰਦਸ਼ਾਂ ਨੂੰ ਗਾਉਣਾ ਵੀ ਸ਼ਾਮਲ ਹੈ। ਬੰਦਸ਼ਾਂ ਨੂੰ ਸਰਲ ਢੰਗ ਨਾਲ ਗਾ ਕੇ ਸੰਗਤਾਂ ਨੂੰ ਰਿਝਾਉਣਾ, ਭਾਈ ਸਾਹਿਬ ਦੀ ਕਲਾ ਦਾ ਅਨੋਖਾ ਕਰਿਸ਼ਮਾ ਸੀ। ਉਸ ਕੀਰਤਨ ਦੀ ਸੰਗਤਾਂ ਨੂੰ ਅੱਜ ਵੀ ਉਵੇਂ ਭਾਲ ਅਤੇ ਲੋਚ ਹੈ। ਪੁਰਾਤਨ ਰੀਤਾਂ ਨੂੰ ਗਾ ਕੇ ਜਿਥੇ ਭਾਈ ਸਾਹਿਬਾਂ ਨੂੰ ਵੀ (ਅਖੰਡ ਭੋਜਨ ਤਿੰਨ ਕੀਰਤਨ ਚੂਰਾ) ਚੂਰਮਾਂ ਛਕਾਇਆ ਸਾਨੂੰ ਜਿਉਂਦੇ ਜੀਅ ਕਦ ਸੁਣਨ ਦੀ ਵਾਰੀ ਆਵੇਗੀ।

ਲਗਭਗ ਸੰਨ 1960 ਦੀ ਇਹ ਘਟਨਾ ਸਰਦਾਰ ਨਿਰਮਲ ਸਿੰਘ ਘੜੀ ਸਾਜ਼ ਲੁਧਿਆਣੇ ਦੇ ਘਰ ਦੀ ਹੈ, ਜਦੋਂ ਭਾਈ ਸਾਹਿਬ ਉਹਨਾਂ ਦੇ ਘਰ ਕੀਰਤਨ ਸਮਾਗਮ ਤੇ ਆਏ। ਸੰਗਤਾਂ ਦਾ ਅਥਾਹ ਇਕੱਠ ਸੀ ਇਸ ਵਿਚ ਪਦਮ ਸ੍ਰੀ ਸਰਦਾਰ ਸੋਹਣ ਸਿੰਘ ਜੀ, ਉਸਤਾਦ ਸਰਦਾਰ ਬਹਾਦਰ ਸਿੰਘ ਜੀ, ਸਰਦਾਰ ਗੁਰਬਖਸ਼ ਸਿੰਘ ਜੀ ਘੜੀ ਸਾਜ਼, ਸਰਦਾਰ ਸ਼ਮਸ਼ੇਰ ਸਿੰਘ ਸੋਢੀ ਸੰਗਤਾਂ ਵਿਚ ਸੁਭਾਏਮਾਨ ਸਨ। ਭਾਈ ਸਾਹਿਬ ਨੇ ਡੰਡਾਉਤ ਕਰਕੇ ਕੀਰਤਨ ਆਰੰਭ ਕੀਤਾ। ਸ਼ਬਦ ਬੰਦਸ਼ ਝੂੰਮਰਾ ਤਾਲ ਵਿਚ ਸੀ। ਸ਼ਬਦ ਬੋਲ ਯਾਦ ਨਹੀਂ, ਤਬਲੇ ਦੀ ਸੰਗਤ ਭਾਈ ਹਰਨਾਮ ਸਿੰਘ ਜੀ ਕਰ ਰਹੇ ਸਨ।

ਐਸਾ ਸੁਰੀਲਾ ਵਾਤਾਵਰਣ ਬਣਿਆ ਸਰੋਤੇ ਕੀਰਤਨ ਦੇ ਰਸ ਵਿਚ ਮਸਤ ਸਨ ਭਾਈ ਸਾਹਿਬ ਨੇ ਇਕ ਐਸਾ ਬਿਕਟ ਤਾਨ ਪਲਟਾ ਲਿਆ, ਮੈਂ ਤਾਂ ਅਜੇ ਵਿਦਿਆਰਥੀ ਸੀ ਐਨੀ ਸਮਝ ਨਹੀਂ ਸੀ ਪਰ ਉਸਤਾਦ ਸਾਹਿਬ ਅਤੇ ਬਾਕੀ ਸਰੋਤੇ ਚੌਕੰਨੇ ਹੋ ਗਏ, ਲਗਦਾ ਸੀ ਕਿ ਭਾਈ ਸਾਹਿਬ ਬੇਤਾਲੇ ਹੋਣਗੇ ਸੁਰ ਨਹੀਂ ਪਕੜ ਸਕਣਗੇ। ਹੈਰਾਨੀ ਸਭ ਨੂੰ ਉਸ ਵੇਲੇ ਹੋਈ ਜਦੋਂ ਪਲਟਾ ਆਖਦਿਆਂ ਫੁਰਤੀ ਨਾਲ ਭਾਈ ਸਾਹਿਬ ਨੇ ਝੂਮਰੇ ਦੀ ਬੰਦਸ਼ ਦਾ ਗੁਰ ਪਕੜ ਕੇ ਅਸਥਾਈ ਗਾਉਣੀ ਸ਼ੁਰੂ ਕੀਤੀ।

ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੰਗਤਾਂ ਦੇ ਦਰਮਿਆਨ ਵਾਹ-ਵਾਹ ਆਖਣੀ ਬੇਅਦਬੀ ਹੈ, ਫਿਰ ਵੀ ਇਸ ਦੀ ਉਲੰਘਣਾ ਕਰਦਿਆਂ ਅਗੇ ਬੈਠ ਬ-ਹੋਸ਼-ਬਾਸ਼ ਸੰਗੀਤਕਾਰ ਸਰੋਤੇ ਆਪ ਮੁਹਾਰੇ ਬੋਲ ਉਠੇ, "ਵਾਹ ਭਾਈ ਸਾਹਿਬ ਵਾਹ-ਵਾਹ ਜੀਤੇ ਰਹੁ"। ਭਾਈ ਸਾਹਿਬ ਨੇ ਸਤਿਕਾਰ ਵਿਚ ਕੀਰਤਨ ਬੰਦ ਕਰਕੇ ਹੱਥ ਜੋੜੇ ਤੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸਿਰ ਝੁਕਾਇਆ। ਭਾਈ ਸਾਹਿਬ ਦੀ ਕਲਾ ਦਾ ਇਹ ਅੱਖੀ ਵੇਖਿਆ ਕ੍ਰਿਸ਼ਮਾ ਅਜ 'ਅੰਮ੍ਰਿਤ ਕੀਰਤਨ' ਦੇ ਲਈ ਕਲਮ-ਬਧ ਕੀਤਾ ਹੈ।

ਭਾਈ ਸਾਹਿਬ ਦੇ ਗਲੇ ਵਿਚ ਰੀਤ, ਰਾਗ, ਤਾਲ ਦਾ ਏਨਾ ਸਚੱਜਾ ਵਹਾਓ ਸੀ, ਸੁਣ ਕੇ ਵੱਡੇ-ਵੱਡੇ ਗਾਇਕ, ਸੰਗੀਤਕਾਰ ਆਪ ਮੁਹਾਰੇ ਬੋਲ ਉਠਦੇ ਸਨ। 'ਵਾਹ ਭਾਈ ਸਮੁੰਦ ਸਿੰਘ' ਆਪ ਪਰ ਤੋਂ ਸਰਸਵਤੀ ਮੇਹਰਬਾਨ ਹੈ। ਭਾਈ ਸਾਹਿਬ ਨਿਮਰਤਾ ਸਾਹਿਤ ਆਖਦੇ ਸਨ ਇਹ ਸਭ ਗੁਰੂ ਕ੍ਰਿਪਾ ਹੈ। ਐਸੀ ਗੁਰੂ ਕ੍ਰਿਪਾ ਦੇ ਪਾਤਰ ਕੀਰਤਨੀਏ ਬਾਬਾ ਸ਼ਾਮ ਸਿੰਘ, ਸੁਜਾਨ ਸਿੰਘ ਸੰਤਾ ਸਿੰਘ, ਸਮੁੰਦ ਸਿੰਘ, ਸਾਨੂੰ ਕਦੋਂ ਮਿਲਣਗੇ। ਇਹ ਝੋਰਾ ਗੁਰਬਾਣੀ ਸੰਗੀਤ ਦੇ ਵਾਰਸਾਂ ਨੂੰ ਦਿਨ ਰਾਤ ਵੱਡ-ਵੱਡ ਖਾਈ ਜਾ ਰਿਹਾ ਹੈ।

ਭਾਈ ਸਾਹਿਬ ਦੇ ਜਾਣ ਦੀ ਘਾਟ ਤਾਂ ਕੀਰਤਨ ਵਿਚ ਘਾਟ ਹੀ ਹੈ ਪਰ ਘਾਟ ਨੂੰ ਕਿਸੇ ਹੱਦ ਤੱਕ ਜੀਵਤ ਰਖਣ ਲਈ ਕੀਰਤਨ ਕਰਨ ਵਾਲੀ ਕੋਈ ਅਮਾਨਤ ਉਹਨਾਂ ਦੀ ਸਿੱਖ ਜਗਤ ਦੇ ਕੀਰਤਨੀਆਂ ਪਾਸ ਨਹੀਂ ਹੈ ਅਤੇ ਨਾ ਹੀ ਉਹਨਾਂ ਜਿਹਾ ਸਾਡੇ ਪਾਸ ਸੁਚੱਜੇ ਜੀਵਨ ਦੀ ਜਾਂਚ ਦੱਸਣ ਵਾਲਾ ਗੁਰਸਿੱਖੀ ਜੀਵਨ ਜਿਉਂਣ ਵਾਲਾ ਕੋਈ ਰੌਸ਼ਨ ਮੀਨਾਰ ਹੀ ਹੈ, ਜਿਸ ਤੋਂ ਅਸੀਂ ਜੀਵਨ ਦੀ ਸੇਧ ਆਉਣ ਵਾਲਿਆਂ ਨੂੰ ਗੁਰਬਾਣੀ ਕੀਰਤਨ ਦੀ ਝਾਤ ਪੁਆ ਸਕੀਏ। ਇਹ ਦੁੱਖ ਗੁਰਬਾਣੀ ਸੰਗੀਤ ਦੇ ਵਾਰਸਾਂ ਨੂੰ ਅੱਜ ਦੇ ਜੀਵਨ ਰਹਿਤ ਕੀਰਤਨੀਏ ਸੁਣ-ਸੁਣ ਕੇ ਦਿਨ ਰਾਤ ਘੁਣ ਵਾਂਗ ਵੱਡ-ਵੱਡ ਕੇ ਖਾਈ ਜਾ ਰਿਹਾ ਹੈ। ਸੱਚਾ-ਸੁਚਾ ਜੀਵਨ ਮਨੋਰਥ ਬਣਾਉਣ ਲਈ ਕੋਈ ਚਾਰਾ ਕਰ ਸਕਣ ਵਾਲੀ ਆਸ਼ ਦੀ ਕਿਰਨ ਅਜ ਵਾਰਸਾਂ ਨੂੰ ਨਜ਼ਰ ਨਹੀਂ ਆ ਰਹੀ ਅਤੇ ਨਾ ਹੀ ਕੋਈ ਐਸਾ ਕੀਰਤਨੀਆਂ ਕੌਮ ਦੀਆਂ ਟਕਸਾਲਾਂ ਨੇ ਪੈਦਾ ਕੀਤਾ ਹੈ ਜਿਸ ਨਾਲ ਭਾਈ ਸਾਹਿਬ ਦੀ ਘਾਟ ਪੂਰੀ ਕੀਤੀ ਜਾ ਸਕੇ।

ਗੌਰਮਿੰਟ ਕਾਲਜ ਲੜਕੀਆਂ,
ਲੁਧਿਆਣਾ।

# ਘਰਾਨਾ ਰਾਜਾ ਭਾਈ ਪੂਣਛ ਵਾਲੇ
# (ਜੰਮੂ-ਕਸ਼ਮੀਰ)

ਸ੍ਰ. ਤੀਰਥ ਸਿੰਘ

ਭਾਈ ਗੁਟਾ ਜੀ ਧਰੁਪਦ ਧਮਾਰ ਦੇ ਗਵਈਏ ਸਨ, ਆਪ ਨੇ ਆਪਣਾ ਜਿਆਦਾ ਸਮਾਂ ਲਾਹੌਰ ਵਿਚ ਗੁਜ਼ਾਰਿਆ ਅਤੇ ਬਾਅਦ ਵਿਚ ਜਸਰੌਟਾ ਦੇ ਰਾਜੇ ਪਾਸ ਦਰਬਾਰੀ ਗਵਈਏ ਨਿਯੁਕਤ ਹੋਏ ਆਪ ਜੀ ਦੇ ਦੋ ਸਪੁਤਰ ਭਾਈ ਗਿਨੂ ਜੀ ਭਾਈ ਖੋਹੜੂ ਜੀ ਸਨ। ਆਪ ਜੀ ਆਪਣੇ ਪਿਤਾ (ਭਾਈ ਗੁਟਾ ਜੀ) ਵਾਂਗ ਉੱਚ ਕੋਟੀ ਦੇ ਗਾਇਕ ਸਨ, ਤੇ ਦੋਵੇਂ ਭਰਾ ਰਾਜਾ ਜਸਵਾਲੀਏ (ਪਠਾਨਕੋਟ) ਵਿਖੇ ਦਰਬਾਰੀ ਗਾਇਕ ਵਜੋਂ ਸੇਵਾ ਕੀਤੀ। ਇਥੇ ਹੀ ਆਪ ਦਾ ਸੰਪਰਕ ਉਦਾਸੀ ਸੰਪਦਾਇ ਦੇ ਸੰਤ ਗਰੀਬ ਦਾਸ ਜੀ ਨਾਲ ਹੋਇਆ। ਮਹੰਤ ਜੀ ਦੀ ਪਿਆਰੀ ਮਿਲਣੀ ਤੇ ਛੋਹ, ਅਸੀਸ ਸਦਕਾ ਆਪ ਜੀ ਦਾ ਝੁਕਾਅ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਨਾਲ ਕਰਤਾਰਪੁਰ ਵਲ ਹੋ ਗਿਆ ਤੇ ਉਥੇ ਨਿਤਾ ਪ੍ਰਤੀ ਕੀਰਤਨ ਕਰਨ ਲਗ ਪਏ।

1. ਭਾਈ ਖੋਹੜੂ ਦੇ ਸਪੁਤਰ ਦੁਰਗਾ ਸਿੰਘ ਹੋਏ

2. ਭਾਈ ਗਿਨੂ ਦੇ ਸਪੁਤਰ ਫਕੀਰ ਸਿੰਘ ਜੀ ਤੇ ਭਾਈ ਸਾਂਈ ਜੀ ਸਨ।

ਭਾਈ ਸਾਂਈ ਜੀ ਤੇ ਫਕੀਰ ਸਿੰਘ ਜੀ ਦੋਵੇਂ ਭਰਾ ਵੀ ਕਰਤਾਰਪੁਰ ਵਿਖੇ ਕੀਰਤਨ ਸੇਵਾ ਕਰਨ ਲਗ ਪਏ ਤੇ ਨਾਲ ਨਾਲ ਸੰਗੀਤ ਸੰਮੇਲਨਾਂ ਵਿਚ ਵੀ ਰੁਚਿਤ ਰਹਿਣ ਲਗ ਪਏ। ਆਪ ਜੀ ਹਰਬਲਭ ਸੰਗੀਤ ਸੰਮੇਲਨ ਜਲੰਧਰ ਵਿੱਚ ਵੀ ਖਾਸ ਅਸਥਾਨ ਰਖਦੇ ਹੋਏ 1850ਤੋਂ 80 ਤਕ ਇਹ ਸੇਵਾ ਨਿਰੰਤਰ ਕਰਦੇ ਰਹੇ । 1. ਭਾਈ ਸਾਂਈ ਦੇ ਸਪੁਤਰ ਭਾਈ ਪ੍ਰਕਾਸ਼ ਸਿੰਘ, 2. ਸੰਤ ਦੇਸਾ ਸਿੰਘ 3. ਸੁਖਦਿਆਲ ਸਿੰਘ 4. ਨਾਗਰ ਸਿੰਘ ਸੰਗੀਤ ਵਿਦਿਆ ਨਿਪੁੰਨ ਹੋ ਕਾਰੋਬਾਰ ਵਿਚ ਰੁਚਿਤ ਹੋ ਗਏ। ਭਾਈ ਪ੍ਰਕਾਸ਼ ਸਿੰਘ ਤੇ ਸਤ ਦੇਸਾ ਸਿੰਘ ਇਹ ਕੰਧ ਸਾਹਿਬ ਬਟਾਲੇ ਵਿਚ ਸੇਵਾ ਕਰਦੇ ਹਏ ਦੇਸ਼ ਦੇ ਕਾਫੀ ਸ਼ਹਿਰਾਂ ਵਿਚ ਕੀਰਤਨ ਸੇਵਾ ਕਰਕੇ ਗੁਰੂ ਜੱਸ ਸੁਣਾ ਆਪਣਾ ਨਿਰਬਾਹ ਕਰ ਰਹੇ ਹਨ। ਭਾਈ ਫਕੀਰ ਸਿੰਘ ਦੇ ਲੜਕੇ ਰਤਨ ਸਿੰਘ ਗਾਇਕੀ ਵਿਚ ਵਿਚਰਦੇ ਰਹੇ ਤੇ ਹੁਣ ਅਜਕਲ ਚੇਲੇ ਜੇਹੜਾ (ਗੁਰਦਾਸਪੁਰ) ਵਿਚ ਹਨ। ਭਾਈ ਦੁਰਗਾ ਸਿੰਘ ਜੀ ਬਹਿਰਾਮ ਪੁਰ (ਗੁਰਦਾਸਪੁਰ) ਵਿਚ ਕਾਸ਼ਤਕਾਰੀ ਕਰਦੇ ਹਨ। ਸੰਗੀਤ ਦੇ ਚੰਗੇ ਵਾਕਫਕਾਰ ਸਨ ਤੇ ਹੁਣ ਇਹ ਕਸਬਾ ਛਡ ਚੁਕੇ ਹਨ ।

ਉਸਤਾਦ ਅਲਾ ਰਖਾਂ (ਖਾਂ ਸਾਹਿਬ) ਤਾਫਾਗੜ ਦੇ ਸਨ ਤੇ ਪ੍ਰਕਾਸ਼ ਸਿੰਘ

ਬਹਿਰਾਮਪੁਰ ਦੇ। ਮਾਸਟਰ ਰਾਮ ਚੰਦ (ਪ੍ਰੋਫੈਸਰ) ਮਿਊਜ਼ਿਕ ਦੇ ਮਕਾਨ ਅੰਦਰ 1938-39 ਅੰਤਾ ਰੱਖਾ ਖਾਂ ਸਾਹਿਬ ਨਿਵਾਸ ਕਰਦੇ ਸਨ। ਭਾਈ ਪ੍ਰਕਾਸ਼ ਸਿੰਘ ਤੇ ਦੇਸਾ ਸਿੰਘ ਇਸ ਘਰਾਨੇ ਵਿਚੋਂ ਅਜਕਲ ਗੁਰਦਾਸਪੁਰੀ ਕਹਿਲਾਉਂਦੇ ਹੋਏ ਕੀਰਤਨ ਸੇਵਾ ਕਰ ਰਹੇ ਹਨ, ਮਲਹੋਤਰਾ ਖਾਨਦਾਨ (ਖੱਤਰੀ) ਤੇ ਅਰੋੜਾ ਬੰਸ (ਅੰਮ੍ਰਿਤਸਰ) ਦੇ ਹਨ।

ਆਪ ਦੇ ਪੜਦਾਦਾ ਭਾਈ ਗੂਟਾ ਜੀ ਰਾਗ ਨਿਰਮਾਨੀ ਦੇ ਰਚਨਹਾਰ ਹਨ। ਬਗਸੇਰੀ+ਭੈਰਵੀ ਤੇ ਰਘੇਸ਼ਰੀ ਕਲਿਆਣ ਦੇ ਵੀ ਰਚਈਆ ਸਨ। ਉਹਨਾਂ ਦੀਆਂ ਖਾਨਦਾਨੀ ਬੰਦਸਾਂ ਦੀ ਕਈ ਰੀਤਾਂ ਹਨ: ਰਾਗ ਨਿਰਮਾਨੀ ਆਡਵ-ਖਾਡਵ।

ਰਾਗ ਮਾਂਡ ਬਹਾਰ (ਕਮਲ ਕਟਾਰਾ ਬੰਕੜਾ) ਪੁਰਾਤਨ ਬੰਦਸ਼ਾਂ ਹਨ। ਰਾਗ ਬਹਾਰ ਅਲਮਸਤ ਜੀ ਦੀ ਬੰਦਸ਼ ਪ੍ਰਾਪਤ ਕੀਤੀ ਹੈ।

ਲਹੌਰੀ ਬਹਿਰ ਅੰਦਰ ਗਾਉਣ ਵਾਲੇ, ਤਾਰ ਸਪਤਕ ਵਿਚ ਠਹਿਰਾਉ ਦੇ ਕੇ ਛਾਤੀ ਦੇ ਜ਼ੋਰ ਨਾਲ ਗਾਇਕੀ ਕਰਨਾ ਮੁਖ ਪ੍ਰਦਸ਼ਨ ਸੀ। ਉਪਰੋਕਤ ਗਵਈਏ ਕੀਰਤਨੀਏ ਸਮੇਂ ਦੇ ਥਪੇੜੇ ਅਤੇ ਸਾਡੀਆਂ ਸੰਸਥਾਵਾਂ ਦੇ ਮੁਖੀਆ ਵਜੋਂ ਨਾ ਕਦਰ ਕਰਦੇ ਹੋਏ ਰੋਜ਼ੀ ਰੋਟੀ ਵਾਸਤੇ ਕੀਰਤਨ ਸੇਵਾ ਕਰ ਨਿਰਬਾਹ ਕਰਨ ਵਾਲੇ ਅਗੇ ਕੋਈ ਵੀ ਸ਼ਾਗਿਰਦ/ਬੱਚਿਆਂ ਨੂੰ ਵਿਦਿਆ ਨਾ ਦੇ ਕੇ (ਇਹ ਕਲਾਕਾਰ) ਗੁਣਵਾਨ/ਪੁਰਾਤਨ ਵਿਰਸੇ ਸਭਿਆਚਾਰ ਦੇ ਗਿਆਨਵਾਨ ਸਮੇਂ ਦੇ ਨਾਲ ਨਾਲ ਅਲੋਪ ਹੁੰਦੇ ਗਏ ਤੇ ਕਝ ਬਾਕੀ ਉਡੀਕ ਵਿਚ ਤਿਆਰੀਆਂ ਕਰ ਰਹੇ ਹਨ।

ਕਾਸ਼ ਅਸੀਂ ਆਪਣੇ ਵਿਰਸੇ ਦੀ ਸਹੀ ਵਕਤ ਸੰਭਾਲ ਕਰਦੇ!

4 – ਗੁਰੂ ਗੋਬਿੰਦ ਸਿੰਘ ਮਾਰਕੀਟ
ਗਰਾਂਟ ਰੋਡ ਸਹਾਰਨਪੁਰ

# ਗੁਰਮਤਿ ਸੰਗੀਤ

—ਪ੍ਰੋ. ਬਲਬੀਰ ਸਿੰਘ ਨੀਲਮ
ਨੀਲਮ ਸੰਗੀਤ ਮੰਦਰ
ਨਵਾਂ ਸਹਿਰ

ਪਉੜੀ :—

ਇਹ ਵਾਰਾਂ ਦਾ ਹੀ ਇਕ ਅੰਗ ਹੈ। ਗੁਰੂ ਗਰੰਥ ਸਾਹਿਬ ਵਿਚ 22 ਵਾਰਾਂ ਹਨ। ਇਸ ਤੋਂ ਉਪਰੰਤ ਚੰਡੀ ਦੀ ਵਾਰ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਪਉੜੀ ਇਤ ਆਦਿ।

ਦੀ ਪੰਜਾਬੀ ਡਿਕਸ਼ਨਰੀ ਵਿਚ 993 ਸਫੇ ਤੋਂ ਮਇਆ ਸਿੰਘ ਜੀ ਨੇ ਪਉੜੀ ਬਾਰੇ ਆਪਣੇ ਸ਼ਬਦਾਂ ਵਿਚ ਇੰਜ ਆਖਿਆ ਹੈ।

Pruri, s.f. step a ladder, a stair case a generation division of the Granth coresponding to a verse, To put a ladder against a wali to conclude the recetution of the Granth by repeating a verse, done by musicions.

ਇਸ ਦੇ ਨਾਲ ਬਜਾਣ ਦੇ ਲਈ ਇਕ ਤਾਲ ਵੀ ਇਸ ਨਾਮ ਤੇ ਬਣਾਈ ਗਈ। ਜਿਸ ਨੂੰ ਤਾਲ ਪਉੜੀ ਦਾ ਨਾਮ ਦਿਤਾ ਗਿਆ। ਇਸ ਦੇ ਬੋਲ ਪਖਾਵਜ (ਮਰਦੰਗ) ਦੇ ਬੋਲ ਹਨ ਅਤੇ ਇਸ ਵਿਚ ਥਾਪ ਕਿਨਾਰ ਦਾ ਕੰਮ ਵੇਖਣ ਵਿਚ ਮਿਲਦਾ ਹੈ ਇਸ ਨੂੰ ਪਖਾਵਜ ਦਾ ਤਾਲ ਹੀ ਆਖਿਆ ਜਾ ਸਕਦਾ ਹੈ। ਆਧੁਨਿਕ ਕਾਲ ਵਿਚ ਇਸ ਤਾਲ ਨੂੰ ਤਬਲ ਤੇ ਵਜਾਉਣ ਦਾ ਕਾਫੀ ਰਿਵਾਜ ਹੈ।

ਇਹ ਕਰਰਵਾ ਤਾਲ ਦੀ ਹੀ ਕਿਸਮ ਹੈ। ਇਸ ਦੀ ਵਰਤੋਂ ਸ੍ਰੀ ਆਸਾ ਜੀ ਦੀ ਵਾਰ ਜਿਸ ਬਾਰੇ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਇਹ ਹਦਾਇਤ ਕਰਦੇ ਹਨ ਕਿ ਇਸ ਵਾਰ ਨੂੰ ਅਸਰਾਜ ਰਾਗ ਵਿਚ ਅਤੇ ਰਾਜੇ ਟੁੰਡ ਅਸ ਦੀ ਪ੍ਰਚਲਿਤ ਧੁੰਨ ਤੇ ਸੁਰ ਵਿਚ ਗਾਉਣਾ ਹੈ। ਇਸ ਲਈ ਪ੍ਰਤੱਖ ਰੂਪ ਵਿਚ ਵੇਖੀ ਤੇ ਸੁਣੀ ਜਾ ਸਕਦੀ ਹੈ। ਜਦੋਂ ਕੀਰਤਨੀ ਜਥਾ ਆਸਾ ਜੀ ਦੀ ਵਾਰ ਦਾ ਕੀਰਤਨ ਕਰ ਰਿਹਾ ਹੋਵੇ ਤੱਦ ਛਕੇ ਤੋ ਬਾਅਦ ਜਦੋਂ ਸਲੋਕ ਸ਼ੁਰੂ ਹੁੰਦਾ ਹੈ ਤਦ ਤਬਲੇ ਤੇ, ਤਬਲਾ ਵਾਦਕ ਪਉੜੀ ਦਾ ਠੇਕਾ ਧੀਮੀ ਆਵਾਜ਼ ਅਤੇ ਲਹਿ ਵਿਚ ਆਰੰਭ ਕਰਦਾ ਹੈ। ਇਸ ਤਰ੍ਹਾਂ ਸਲੋਕਾਂ ਨੂੰ ਵੀ ਤਾਲਬੱਧ ਕੀਤਾ ਜਾਂਦਾ ਹੈ। ਜਦੋਂ ਕੀਰਤਨੀ ਜਥਾ ਪਉੜੀ ਬੋਲਦਾ ਹੈ ਤੱਦ ਤਾਲ ਪਉੜੀ ਠੇਕੇ ਦਾ ਪ੍ਰਤੱਖ ਰੂਪ ਸਾਹਮਣੇ ਆ ਜਾਂਦਾ ਹੈ ਕਈ ਤਬਲਾ ਵਾਦਕ ਇਸ ਨੂੰ ਖਤਮ ਕਰਨ ਲਈ ਸਾਥ ਦੇ ਬੋਲਾਂ ਦੀ ਵੀ ਵਰਤੋਂ ਕਰਦੇ ਹਨ।

## ਤਾਲ ਪਉੜੀ

ਤਾਲੀ ਚਿੰਨ੍ਹ

ਤਾਲੀ = 1

ਖਾਲੀ = 5 ਗੇ ਤਾ ਗੇ ऽ ਤਿ ऽ ਤਾ ऽ

ਭਾਗ = 2

| | | | | | | | | |
|---|---|---|---|---|---|---|---|---|
| ਮਾਤਰੇ | 1 | 2 | 3 | 4 | 5 | 6 | 7 | 8 |
| ਬੋਲ | ਤਿ | ਟ | ਤਾ | - | ਗੇ | ਤਾ | ਗੇ | - |
| ਤਾਲ ਚਿੰਨ | × | | | | 0 | | | |

ਪ੍ਰੋ: ਬਲਬੀਰ ਸਿੰਘ ਨੀਲਮ
ਐਸ. ਡੀ. ਬੀ. ਐਲ. ਐਮ. ਗਰਲਜ਼ ਕਾਲਜ
ਨਵਾਂ ਸ਼ਹਿਰ ਦੋਆਬਾ

# ਭਾਈ ਭਜਨ ਸਿੰਘ

ਭਾਈ ਭਜਨ ਸਿੰਘ ਜੀ—ਭਾਈ ਸੰਤਾ ਸਿੰਘ ਕੌਂਵਲ ਜੀ ਦੇ ਭਰਾ ਸਨ। ਆਪ ਜੀ ਦਾ ਜਨਮ 1901 ਵਿਚ ਸ. ਬਘੇਲ ਸਿੰਘ ਦੇ ਘਰ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਵਿਚ ਹੋਇਆ। ਆਪ ਜਮਾਂਦਰੂ ਹੀ ਨੇਤਰਹੀਣ ਸਨ। ਆਪ ਜੀ ਨੇ ਭਾਈ ਸਾਹਿਬ ਜੀ ਲਾਟੋ ਵਾਲਿਆਂ ਪਾਸੋਂ ਅਰੰਭਕ ਕੀਰਤਨ ਅਤੇ ਸੰਗੀਤ ਵਿਦਿਆ ਸਿੱਖੀ ਬਾਅਦ ਵਿਚ ਭਾਈ ਚੰਨਣ ਸਿੰਘ ਜੀ ਅਤੇ ਉਸ ਤੋਂ ਬਾਅਦ ਭਾਈ ਰਾਮ ਸਿੰਘ ਰਮਿੰਡੇ ਵਾਲਿਆ ਪਾਸੋਂ ਸੰਗੀਤ ਵਿਦਿਆ ਸਿੱਖ ਕੇ ਨਿਪੁੰਨ ਹੋਏ।

1921 ਵਿਚ ਆਪ ਜੀ ਪਾਕਿਸਤਾਨ ਵਿਚ ਗੁਰਦੁਆਰਾ ਭਾਈ ਜੋਗਾ ਸਿੰਘ ਅਤੇ ਗੁਰਦੁਆਰਾ ਪਿਸ਼ਾਵਰ ਨਿਰੰਕਾਰੀ ਦਰਬਾਰ ਰਾਵਲਪਿੰਡੀ ਵਿਚ ਬਤੌਰ ਹੈਡ ਰਾਗੀ ਰਹੇ।

1947 ਵਿਚ ਨਾਮਧਾਰੀ ਦਰਬਾਰ ਬਾਬਾ ਪ੍ਰਤਾਪ ਸਿੰਘ ਜੀ ਦੇ ਦਰਬਾਰ ਵਿਚ ਅੰਤ ਤੱਕ ਕੀਰਤਨ ਕਰਦੇ ਰਹੇ। ਆਪ ਜੀ ਸੰਤਾਂ ਸਿੰਘ ਜੀ ਕੰਵਲ ਨਾਲੋਂ ਵੀ ਬਹੁਤ ਸਿਆਣੇ ਰਾਗੀ ਸਨ। ਆਪ ਜੀ ਦੇ ਸ਼ਗਿਰਦ ਵੀ ਬਹੁਤ ਸਾਰੇ ਗੁਰਦੁਆਰਿਆਂ ਵਿਚ ਕੀਰਤਨ ਦੀ ਸੇਵਾ ਕਰ ਰਹੇ ਹਨ।

# ਬਾਬਾ ਅਤਰ ਸਿੰਘ ਜੀ ਰਾਗੀ

—ਗਿਆਨੀ ਕੁੰਦਨ ਸਿੰਘ "ਪਤੰਗ"
ਪਿੰਡ ਸਾਹਜੜਾ ਤਹਿ: ਬਰਨਾਲਾ
ਜ਼ਿਲਾ ਸੰਗਰੂਰ

ਇਹ ਪਿੰਡ ਛਾਪਾ ਤਹਿਸੀਲ ਬਰਨਾਲਾ ਜ਼ਿਲਾ ਸੰਗਰੂਰ ਦੇ ਵਸਨੀਕ ਸਨ। ਇਸ ਇਲਾਕੇ ਵਿਚ ਪੁਰਾਤਨ ਰਾਗੀ ਘਰਾਣੇ ਕਈ ਪਿੰਡਾਂ ਵਿਚ ਸਨ। ਜੈਸੇ ਮਹਿਲ ਕਲਾਂ ਤੇ ਠੀਕਰੀ ਵਾਲਾ ਆਦਿ। ਇਹ ਉਸ ਸਮੇਂ ਦੇ ਮੰਨੇ-ਪ੍ਰਮੰਨੇ ਰਾਗੀ ਜਥੇ ਸਨ, ਇਹਨਾਂ ਨੂੰ ਰਿਆਸਤ ਵਲੋਂ ਰਸਦਾਂ ਮਿਲਦੀਆਂ ਸਨ। ਇਹਨਾਂ ਦਾ ਬੜਾ ਆਦਰ ਸਤਿਕਾਰ ਸੀ ! ਕਈ ਜਥਿਆਂ ਕੋਲ ਆਉਣ ਜਾਣ ਲਈ ਘੋੜੀਆਂ ਸਨ। ਕਈ ਜਥਿਆਂ ਨੂੰ ਰਥ ਅਥਵਾ ਬੈਲ ਗੱਡੀ ਵਿਚ ਬਿਠਾਕੇ ਲੈ ਜਾਂਦੇ। ਉਹਨਾਂ ਵਿਚੋਂ ਹੁਣ ਕਈ ਹੀ ਰਾਗੀ ਰਹਿ ਗਿਆ ਹੈ। ਕੁਝ ਸਮੇਂ ਦੇ ਅਸਰ ਹੇਠ ਕੰਮ ਛੱਡ ਗਏ। ਜਿਸ ਕਰਕੇ ਉਨ੍ਹਾਂ ਦਾ ਆਦਰ ਸਤਿਕਾਰ ਘਟ ਗਿਆ। ਉਹਨਾਂ ਵਿਚੋਂ ਇਕ ਰਾਗੀ ਪਿੰਡ "ਠੀਕਰੀਵਾਲਾ" ਦਾ ਸੂਰਮਾ ਸਿੰਘ ਬਹੁਤ ਚੰਗਾ ਕੀਰਤਨ ਕਰਦਾ ਹੈ।

ਬਾਬਾ ਅਤਰ ਸਿੰਘ ਜੀ ਰਾਗੀ ਦਾ ਘਰਾਣਾ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਛੇਵੇਂ ਪਾਤਿਸ਼ਾਹ ਵੇਲੇ ਦਾ ਹੈ। ਉਹਨਾਂ ਦੇ ਵਰ ਨਾਲ ਹੀ ਰਾਗ ਵਿਦਿਆ ਪਰਦਾਨ ਹੋਈ। ਸ੍ਰੀ ਗੁਰੂ ਜੀ ਆਪਣੇ ਚਰਨਾਂ ਦੀ ਛੋਹ ਨਾਲ ਹੀ ਇਸ ਇਲਾਕੇ ਨੂੰ ਤਾਰ ਗਏ। ਉਹਨਾਂ ਦੇ ਕਈ ਪਿੰਡਾਂ ਵਿਚ ਗੁਰ-ਸਥਾਨ ਹਨ।

ਆਪਣੇ ਸਮੇਂ ਦੇ ਬਾਬਾ ਜੀ "ਸੁਰੰਦੇ" ਦੇ ਆਹਲਾ ਵਜਈਏ ਸਨ। ਸਾਰੀ ਉਮਰ "ਸੁਰੰਦੇ" ਨਾਲ ਹੀ ਕੀਰਤਨ ਕੀਤਾ। ਕਿਸੇ ਸਮੇਂ ਪਿੰਡ ਛਾਪਾ ਵਿਚ ਬਾਬਾ ਰਾਮ ਸਿੰਘ ਜੀ ਮਹਾਂ ਪੁਰਸ਼ ਨਾਮਧਾਰੀ ਆਗੂ ਆਏ ਸਨ। ਜਿਥੇ ਨਾਮਧਾਰੀ ਜਥਾ ਠਹਿਰਿਆ ਹੋਇਆ ਸੀ ਉਥੇ ਪਿੰਡ ਦੇ ਲੋਕ ਅਤੇ ਬੱਚੇ ਇਕੱਠੇ ਹੋ ਗਏ, ਉਹਨਾਂ ਵਿਚ ਇਨ੍ਹਾਂ ਰਾਗੀ ਸਿੰਘਾਂ ਦੇ ਬੱਚੇ ਵੀ ਸਨ। ਜੋ ਸਾਰੇ ਬੱਚੇ ਕੇਸਧਾਰੀ ਸਨ। ਬਾਕੀ ਬੱਚੇ ਮੋਨੇ ਸਨ। ਜਿਹਨਾ ਨੂੰ ਵੇਖਕੇ ਬਾਬਾ ਜੀ ਨੇ ਪੁਛਿਆ ਕਿ "ਤੁਸੀਂ ਕਿਨ੍ਹਾਂ ਦੇ ਬੱਚੇ ਹੋ ? ਉਹਨਾਂ ਉਤਰ ਦਿਤਾ ਕਿ "ਜੀ ਅਸੀਂ ਸਿੱਖਾਂ ਦੇ ਬੱਚੇ ਹਾਂ।" ਬਾਬਾ ਰਾਮ ਸਿੰਘ ਜੀ ਇਹ ਉਤਰ ਸੁਣਕੇ ਬੜੇ ਖੁਸ਼ ਹੋਏ, ਉਹਨਾਂ ਬੱਚਿਆਂ ਨੂੰ ਫੜਕੇ ਉਹਨਾਂ ਦੇ ਸਿਰ ਵਿਚ ਜਲ ਦੇ ਗੜਵੇ ਪਾਉਣ ਲੱਗੇ, ਉਹਨਾਂ ਦੇ ਮਾਤਾ ਪਿਤਾ ਨੂੰ ਸੱਦ ਕੇ ਨਾਮਧਾਰੀ ਬਣਾ ਲਿਆ।

ਬਾਬਾ ਅਤਰ ਸਿੰਘ ਜੀ ਰਾਗੀ ਨੇ "ਬਾਬਾ ਪ੍ਰਤਾਪ ਸਿੰਘ ਜੀ" ਨਾਮਧਾਰੀ ਨੂੰ

"ਸੁਰੰਦਾ" ਸਿਖਾਇਆ ਸੀ। ਕੁਝ ਸਮੇਂ ਬਾਅਦ ਇਹ ਬਾਬੂ ਤੇਜਾ ਸਿੰਘ ਜੀ ਕੋਲ ਭਸੌੜ ਚਲੇ ਗਏ ਅਤੇ "ਪੰਚ ਖਾਲਸਾ" ਦੀਵਾਨ ਦੇ ਮੈਂਬਰ ਬਣ ਗਏ। ਉਥੇ ਹਰ ਰੋਜ਼ ਦੋ ਵੇਲੇ ਗੁਰਦੁਆਰਾ ਸਾਹਿਬ ਵਿਚ "ਸੁਰੰਦੇ" ਨਾਲ ਕੀਰਤਨ ਕਰਦੇ ਅਤੇ ਸਕੂਲ ਦੀਆਂ ਵਿਦਿਆਰਥਣਾਂ ਨੂੰ ਕੀਰਤਨ ਸਿਖਾਉਂਦੇ ਸਨ।

ਸੰਨ 1934 ਈ: ਵਿਚ ਕੱਤਕ ਦੀ ਪੂਰਨਮਾਸ਼ੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਸੀ, ਭਸੌੜ ਤੋਂ ਇਸ ਜਥੇ ਨੂੰ ਕੀਰਤਨ ਲਈ ਸਿੰਘ ਸਭਾ ਸੰਗਰੂਰ ਨੇ ਸੱਦਿਆ ਜਲੂਸ 'ਚ ਹਾਥੀ ਉਤੇ ਬਾਬਾ ਅਤਰ ਸਿੰਘ ਜੀ ਕੀਰਤਨੀ ਜਥੇ ਸਮੇਤ ਹਾਥੀ ਉਤੇ ਬੈਠੇ ਸਨ। ਇਕੱਠ ਬੇਅੰਤ ਸੀ, ਪਹਿਲਾਂ ਇਕ ਘੋੜਾ ਡਰ ਕੇ ਦੌੜਿਆ, ਉਸ ਰੌਲੇ ਵਿੱਚ ਹਾਥੀ ਬੇਵਸਾ ਹੋਕੇ ਇਧਰ ਉਧਰ ਦੌੜਿਆ, ਜਥਾ ਹਾਥੀ ਤੋਂ ਹੇਠਾਂ ਡਿੱਗ ਪਿਆ, ਬਾਬਾ ਜੀ ਦੀ ਕੰਗਰੋੜ ਟੁਟ ਗਈ, ਉਥੇ ਹੀ ਸੰਗਰੂਰ ਦੇ ਹਸਪਤਾਲ ਵਿੱਚ ਅਕਾਲ ਚਲਾਣਾ ਕਰ ਗਏ। ਭਸੌੜ ਲਿਆ ਕੇ ਉਹਨਾਂ ਦਾ ਅੰਤਿਮ ਸਸਕਾਰ ਕਰ ਦਿਤਾ ਗਿਆ।

ਬਾਬਾ ਅਤਰ ਸਿੰਘ ਜੀ ਰਾਗੀ ਨੇ ਵਿਆਹ ਨਹੀਂ ਸੀ ਕਰਵਾਇਆ। ਇਹਨਾਂ ਦੀ ਜਿਤਨੀ ਕੁ ਟਹਿਲ ਸੇਵਾ ਹੁੰਦੀ "ਭਾਈ ਦਿਵਾਨ ਸਿੰਘ" ਜੀ ਕਰਦੇ ਸਨ। ਇਹ ਬਾਬਾ ਜੀ ਦੇ ਭਤੀਜੇ ਸਨ। ਇਹ ਆਪ ਭੀ ਰਾਗੀ ਸਨ। ਪ੍ਰੰਤੂ ਕੰਮ ਛੱਡਕੇ ਕੰਘੇ, ਕੜੇ, ਕ੍ਰਿਪਾਨ ਤੇ ਪੋਥੀਆਂ ਵੇਚਣ ਦਾ ਕੰਮ ਕਰਨ ਲਗ ਪਏ! ਭਾਈ "ਦਿਵਾਨ ਸਿਘ ਜੀ ਦਾ ਇੱਕ ਭਤੀਜਾ ਭਾਈ "ਚੰਨਣ ਸਿੰਘ,, ਭੀ ਕੀਰਤਨ ਕਰਦੇ ਸਨ! ਉਸ ਤੋਂ ਬਾਅਦ ਤਾਂ ਕੰਮ ਸਮਾਪਤ ਹੋ ਗਿਆ।

ਛਾਪੇ ਪਿੰਡ ਵਿੱਚ ਰਾਗੀ ਸਿੰਘਾਂ ਦੀ ਪੁਰਾਣੀ ਖੂਹੀ ਲਾਇ ਹੋਈ ਹੈ! ਜੋ ਉਹਨਾਂ ਦੀ ਯਾਦਗਾਰ ਹੈ। ਪਿਛਲੇ ਪਾਠ ਪੂਜਾ ਜਾਂ ਹੋਰ ਕੰਮ ਕਰਦੇ ਹਨ ਪਰ ਹਨ ਸਿੱਖੀ ਸਰੂਪ ਵਿੱਚ।

ਬਾਬਾ ਅਤਰ ਸਿੰਘ ਜੀ ਰਾਗੀ ਦਾ "ਸੁਰੰਦਾ" ਭਾਈ 'ਦਿਵਾਨ ਸਿੰਘ,, ਤੋਂ "ਬਾਬਾ ਪ੍ਰਤਾਪ ਸਿਘ ਜੀ ਨੇ ਲੈ ਲਿਆ ਸੀ।

# ਰਾਗ ਦਰਬਾਰੀ ਕਾਨੜਾ

ਥਾਟ :— ਆਸਾਵਰੀ ਜਾਤੀ :— ਸੰਪੂਰਨ ਸ਼ਾਡਵ

ਵਰਜਤ ਸੁਰ — ਧ ਅਵਰੋਹ, ਵਿਚ ਸਮਾਂ — ਅੱਧੀ ਰਾਤ

ਅਰੋਹ :— ਨ਼ੀ ਸ ਰੇ ਗੁ - ਰੇ ਸ ਮ ਪ ਧੁ ਨੁੀ ਸਂ

ਅਵਰੋਹ :— ਸਂ ਧੁ ਨੁੀ ਪ, ਗੁ ਮ ਰੇ ਸ

ਪਕੜ :— ਗੁ ਰੇ ਰੇ ਸ ਧੁ. ਨੁੀ. ਸ ਰੇ ਸ

## ਤ੍ਰਿਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ | ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |
| × | | | | 2 | | | 0 | | | | | 3 | | | |

× — ਤਾਲੀ ਮਾਤ੍ਰਾ — 16

0 — ਖਾਲੀ ਤਾਲੀ — 1, 5, 13 ਉੱਤੇ

ਖ਼ਾਲੀ — 9 ਉੱਤੇ

(ਅੰਤਰਾ)

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ | - | ਪ | - | ਧ਼ | - | ਨ਼ | ਧ਼ |
| | | | | | | | | ਨਾ | s | ਕੋ | s | ਬੇ | s | ਰੀ | s |
| ਨ਼ | ਸੰ | ਸੰ | ਨ਼ | ਸੰ | - | ਸੰ | s | ਪ | ਰੰ | ਨ਼ | ਸੰ | ਨ਼ | ਧਾ | ਪਮ | ਪ |
| ਨ | s | ਹੀ | ਬਿ | ਗਾ | s | ਨਾ | s | ਸ | ਗ | ਲ | ਸੰ | ਰs | ਗਿ | s | ਮ |
| ਗ਼ | - | ਗ਼ | ਮ | ਰ | - | ਸ | s | | | | | | | | |
| ਕਉ | s | ਥ | ਨਿ | ਆ | s | ਈ | s | | | | | | | | |

((ਬਾਕੀ ਅੰਤਰੇ ਵੀ ਇਸੇ ਤਰ੍ਹਾਂ ਗਾਏ ਜਾਣ)

ਸਥਾਈ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਗ਼ | ਮ | ਰ | ਸ | ਰ | ਨ਼. | ਰ | ਸ |
| | | | | | | | | ਬਿ | ਸ | ਰਿ | ਗ | ਈ | ਸੀ | ਸ | ਭ |
| ਧ਼. | - | ਨ਼. | ਨ਼. | ਸ | - | ਸ | - | ਮ਼. | ਮ. | ਪ. | - | ਧ਼. | - | ਨ਼. | ਨ਼. |
| ਤਾ | s | ਤਿ | ਪ | ਰਾ | s | ਈ | s | ਜ | ਬ | ਤੇ | s | ਸਾ | s | ਧ | ਸੰ |
| ਸ | ਸ | ਸ | ਸ | ਰ | ਨ਼. | ਸ | - | | | | | | | | |
| ਗ | ਤਿ | ਮੈ | ਹਿ | ਪਾ | s | ਈ | s | | | | | | | | |

## ਦੂਜੀ ਗੀਤ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | ਰ | ਪ | ਗੁ | ਮ | ਰ | ਰ | ਸ | - |
| | | | | | | | | ਕੀ | s | ਰ | ਤਿ | ਪ੍ਰ | ਭ | ਕੀ | s |
| ਧੁ. | ਧੁ. | ਨੁ. | ਰ | ਰ | ਸ | ਸ | - | ਨੁ. | ਸ | ਨੁ. | ਰ | - | ਰ | ਸ | ਰ |
| ਗਾ | ਉ | ਮੇ | ਰੀ | ਰ | ਸ | ਨਾ | s | ਅ | ਨਿ | ਕ | ਬਾ | s | ਰ | ਕ | ਰਿ |
| ਗੁ | - | ਗੁ | ਮ | ਰ | - | ਸ | ਸ | ਮ | ਪ | ਨੁ | ਪ | ਸਂ | ਸਂ | ਨੁ | ਪ |
| ਬੰ | s | ਦ | ਨ | ਸੰ | s | ਤ | ਨ | ਉ | s | ਹਾ | ਚ | ਰ | ਨ | ਕੋ | s |
| ਗੁ | ਗੁ | ਗੁ | ਮ | ਰ | - | ਸ | ਸ | | | | | | | | |
| ਬਿੰ | ਦ | ਜੀ | ਕੋ | ਬ | ਸ | ਨਾ | s | | | | | | | | |
| | | | | | | | | ਮ | ਮ | ਪ | ਪ | ਧੁ | ਧੁ | ਨੁ | ਨੁ |
| | | | | | | | | ਅ | ਨਿ | ਕ | ਭਾ | s | ਤਿ | ਕ | ਰਿ |
| ਸਂ | ਸਂ | ਸਂ | ਸਂ | ਰਂ | ਨੁ | ਸਂ | - | ਨੁ | ਰਂ | ਰਂ | ਰਂ | ਰਂ | ਸਂ | ਸਂ | ਸਂ |
| ਦੁਆ | s | ਰੁ | ਨਾ | ਪਾ | s | ਵਉ | s | ਹੋ | ਇ | ਕ੍ਰਿ | s | ਪਾ | s | ਲੁ | ਤਾ |
| ਰਂ | ਨੁ | ਰਂ | ਸ | ਧੁ | ਨੁ | ਪ | - | ਮ | ਪ | ਨੁ | ਪ | ਸਂ | - | ਨੁ | ਪ |
| ਹ | ਰਿ | ਹ | ਰਿ | ਧਿ | ਆ | ਵਉ | s | ਹੋ | ਇ | ਕ੍ਰਿ | s | ਪਾ | s | ਲੁ | ਤਾ |
| ਗੁ | ਗੁ | ਗੁ | ਮ | ਰ | - | ਸ | - | | | | | | | | |
| ਹ | ਰਿ | ਹ | ਰਿ | ਧਿ | ਆ | ਵਉ | s | | | | | | | | |

# ਸ਼ਬਦਾਂ ਦੇ ਅਰਥ

**ਕਾਨੜਾ ਮਹਲਾ ੫ ॥**

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ ॥
ਅਨਿਕ ਬਾਰ ਕਰਿ ਬੰਦਨ ਸੰਤਨ
ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥ ੧ ॥ ਰਹਾਉ ॥
ਅਨਿਕ ਭਾਂਤਿ ਕਰਿ ਦੁਆਰੁ ਨ ਪਾਵਉ ॥
ਹੋਇ ਕ੍ਰਿਪਾਲੁ ਤ ਹਰਿ ਹਰਿ ਧਿਆਵਉ ॥ ੧ ॥
ਕੋਟਿ ਕਰਮ ਕਰਿ ਦੇਹ ਨ ਸੋਧਾ ॥
ਸਾਧਸੰਗਤਿ ਮਹਿ ਮਨੁ ਪਰਬੋਧਾ ॥ ੨ ॥
ਤ੍ਰਿਸਨ ਨ ਬੂਝੀ ਬਹੁ ਰੰਗ ਮਾਇਆ ॥
ਨਾਮੁ ਲੈਤ ਸਰਬ ਸੁਖ ਪਾਇਆ ॥ ੩ ॥
ਪਾਰਬ੍ਰਹਮ ਜਬ ਭਏ ਦਇਆਲ ॥
ਕਹੁ ਨਾਨਕ ਤਉ ਛੂਟੇ ਜੰਜਾਲ ॥ ੪ ॥ ੩ ॥

Kanra 5th Guru.

O my tongue, sing thou the praise of the Lord.
O my soul, many a time make thou obesance unto the saints.
Through their association, the sire Lord's feet shall be enshrined in thy mind. Pause.
By various means I can find not the Lord's door.
When God becomes merciful,
then alone can I contemplate the Lord's Name.
The body is purified not, performing a myriad rituals.
In the society of the saints this minde is instructed.
Desire is stilled not, by enjoying various worldly pleasures.
Uttering the Name, all the comforts are obtained.
Says Nanak, when the Trancendent Lord becomes merciful,
then alone one is rid of the worldy entanglements.

ਕਾਨੜਾ ਪੰਜਵੀਂ ਪਾਤਿਸ਼ਾਹੀ।

ਹੇ ਮੇਰੀ ਜੀਭ੍ਹਾ, ਤੂੰ ਆਪਣੇ ਸਾਂਈਂ ਦਾ ਜੱਸ ਗਾਇਨ ਕਰ।
ਹੇ ਮੇਰੀ ਜਿੰਦੜੀਏ ! ਅਨੇਕਾਂ ਵਾਰੀ ਤੂੰ ਸਾਧੂਆਂ ਨੂੰ ਪ੍ਰਣਾਮ ਕਰ।
ਉਨ੍ਹਾਂ ਦੀ ਸੰਗਤ ਰਾਹੀਂ ਪੂਜਯ ਪ੍ਰਭੂ ਦੇ ਪੈਰ ਤੇਰੇ ਚਿਤ ਅੰਦਰ ਟਿਕ ਜਾਣਗੇ।

ਠਹਿਰਾਉ ।
ਅਨੇਕਾਂ ਤਰੀਕਿਆਂ ਦੁਆਰਾ, ਮੈਂ ਪ੍ਰਭੂ ਦੇ ਦਰ ਨੂੰ ਨਹੀਂ ਪਾ ਸਕਦਾ ।
ਜਦ ਵਾਹਿਗੁਰੂ ਮਾਇਆਵਾਨ ਹੁੰਦਾ ਹੈ,
ਕੇਵਲ ਤਦ ਹੀ ਮੈਂ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹਾਂ ।
ਕੂੜਾਂ ਹੀ ਕਰਮ ਕਾਂਡ ਕਰਨ ਦੁਆਰਾ, ਸਰੀਰ ਨਿਰਮਲ ਨਹੀਂ ਹੁੰਦਾ ।
ਸਤਿ ਸੰਗਤ ਅੰਦਰ ਇਸ ਮਨੂਏ ਨੂੰ ਸਿਖਮਤ ਆ ਜਾਂਦੀ ਹੈ ।
ਅਨੇਕਾਂ ਸੰਸਾਰੀ ਰੰਗ ਰਲੀਆਂ ਮਾਨਣ ਦੁਆਰਾ, ਖ਼ਾਹਿਸ਼ ਨਵਿਰਤ ਨਹੀਂ ਹੁੰਦੀ ।
ਨਾਮ ਦਾ ਉਚਾਰਨ ਕਰਨ ਦੁਆਰਾ, ਸਾਰੇ ਆਰਾਮ ਪ੍ਰਾਪਤ ਹੋ ਜਾਂਦੇ ਹਨ ।
ਗੁਰੂ ਜੀ ਆਖਦੇ ਹਨ, ਜਦ ਪਰਮ ਪ੍ਰਭੂ ਦਇਆਵਾਨ ਹੋ ਜਾਂਦਾ ਹੈ,
ਕੇਵਲ ਤਦ ਹੀ ਇਨਸਾਨ ਦੀ ਸੰਸਾਰੀ ਪੁਆੜਿਆਂ ਤੋਂ ਖ਼ਲਾਸੀ ਹੁੰਦੀ ਹੈ ।

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧ ਸੰਗਤਿ ਮੋਹਿ ਪਾਈ ॥ ੧ ॥ ਰਹਾਉ ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥ ੨ ॥
ਸਭ ਮਹਿ ਰਵਿ ਰਹਿਆ ਪ੍ਰਭ ਏਕੋ ਪੇਖਿ ਪੇਖਿ ਨਾਨਕ ਬਿਗਸਾਈ ॥ ੩ ॥ ੮ ॥

Since the time, I have attained unto the society of the saints,
I have altogcther forgotten to be jealous of others. Pause.
No one is my enemy, nor is anyone a stranger to me and
I am the friend of all.
Whatever the Lord does, that I deem as good.
This sublime understanding I have obtained from the saints.
Amongst all, the Ond Lord is pervading, seeing and beholding
Him, Nanak is greatly pleased.

ਜਦ ਦੀ, ਮੈਨੂੰ ਸਤਿਸੰਗਤ ਪਰਾਪਤ ਹੋਈ ਹੈ,
ਮੈਨੂੰ ਹੋਰਨਾਂ ਨਾਲ ਈਰਖ਼ਾ ਕਰਨੀਂ ਹੱਥੋਂ ਹੀ ਭੁਲ ਗਈ ਹੈ । ਠਹਿਰਾਉ ।
ਕੋਈ ਭੀ ਮੇਰਾ ਦੁਸ਼ਮਨ ਨਹੀਂ, ਨਾ ਹੀ ਕੋਈ ਮੈਨੂੰ ਪਰਾਇਆ ਲਗਦਾ ਹੈ ਅਤੇ ਮੈਂ
ਸਾਰਿਆਂ ਦਾ ਮਿਤਰ ਹਾਂ ।
ਜਿਹੜਾ ਕੁਛ ਭੀ ਸੁਆਮੀ ਕਰਦਾ ਹੈ ਉਸ ਨੂੰ ਮੈਂ ਚੰਗਾ ਕਰਕੇ ਜਾਣਦਾ ਹਾ ।
ਇਹ ਸ੍ਰੇਸ਼ਟ ਸਮਝ ਮੈਨੂੰ ਸੰਤਾਂ ਕੋਲੋਂ ਪਰਾਪਤ ਹੋਈ ਹੈ ।
ਸਾਰਿਆ ਅੰਦਰ, ਇਕ ਸੁਆਮੀ ਵਿਆਪਕ ਹੋ ਰਿਹਾ ਹੈ, ਉਸ ਨੂੰ ਵੇਖ ਅਤੇ ਤਕ ਕੇ,
ਨਾਨਕ ਪਰਮ ਪ੍ਰਸੰਨ ਥੀ ਗਿਆ ਹੈ ।

# ਰਾਗੀ, ਰਾਗ ਸਮੇਂ ਦਾ ਗਾ

—ਸੁਰਜੀਤ ਸਿੰਘ ਮਰਜਾਰਾ
ਵਾਰਡ-1, ਮੰਡੀ ਗੋਬਿੰਦਗੜ੍ਹ

ਰਾਗੀ, ਰਾਗ ਸਮੇਂ ਦਾ ਗਾ
ਇਹ ਧਰਤੀ ਔੜਾਂ ਦੀ ਮਾਰੀ
ਛਮ ਛਮ ਛਹਿਬਰ ਲਾ
ਤੂੰ ਮਿੱਠੀ ਸੁਰ ਵਾਲਾ ਰਾਗੀ
ਜੋ ਵੀ ਸੁਣਦਾ, ਉਹ ਵਡਭਾਗੀ
ਤੂੰ ਸਤਰੰਗੀ ਪੀਂਘ ਦੇ ਵਾਂਗੂ
ਸੁਰ ਦੇ ਰੰਗ ਖਿੜਾ
ਧਰਤੀ 'ਤੇ ਜੋ ਰਾਤ ਹੈ ਦਿਸਦੀ
ਉਸ ਦੀ ਨਾ ਪ੍ਰਭਾਤ ਹੈ ਦਿਸਦੀ
ਤੂੰ ਦੀਪਕ ਦਾ ਰਾਗ ਸੁਣਾ ਕੇ
ਥਾਂ ਥਾਂ ਦੀਪ ਜਲਾ
ਮਨ ਦੇ ਰੋਗੀ, ਤਨ ਦੇ ਰੋਗੀ
ਸਾਰੇ ਰੋਗੀ, ਸਾਰੇ ਸੋਗੀ
ਰਾਗ ਬਸੰਤ ਅਲਾਪ ਅਲਾਪ ਕੇ
ਮਨ ਦੇ ਫੁੱਲ ਖਿੜਾ
ਬੁੱਕ ਬੁੱਕ ਹੰਝੂ ਸਾਰੇ ਰੋਏ
ਸਾਰੇ ਹੀ ਅੱਜ ਬੇਸੁਰ ਹੋਏ
ਜਲ-ਤਰੰਗ ਜਿੱਦਾਂ ਸੁਰ ਹੋਵੇ
ਸਭ ਨੂੰ ਸੁਰੀਂ ਲਿਆ
ਸੁਰ ਹੀ ਛਿੜਦੇ ਰਹਿਣ ਭੈਰਵੀ
ਸਦਾ ਸੁਹਾਗਣੇ ਕਹਿਣ ਭੈਰਵੀ
ਮਿੱਠੇ ਸੁਰ 'ਸੁਰਜੀਤ' ਨੂੰ ਦੇ ਕੇ
ਜੱਗ ਨੂੰ ਪਿਆਰ ਸਿਖਾ
ਰਾਗੀ, ਰਾਗ ਸਮੇਂ ਦਾ ਗਾ
ਇਹ ਧਰਤੀ ਔੜਾਂ ਦੀ ਮਾਰੀ
ਛਮ ਛਮ ਛਹਿਬਰ ਲਾ ।

# ਅਧਿਆਤਮ-ਮਾਰਗ ਦੇ ਕੁਝ ਪ੍ਰਸ਼ਨ
# ਨਾਨਕ ਕਹਤ ਪੁਕਾਰ ਕੈ

**ਲੇਖਕ : ਬਲਵਿੰਦਰ ਸਿੰਘ, ਪੰਨੇ- 08, ਮੁੱਲ-40 ਰੁਪੈ**

**ਪ੍ਰਕਾਸ਼ਕ : ਸਾਹਿਤ ਕਲਾ ਪ੍ਰਕਾਸ਼ਨ, ਲੁਧਿਆਣਾ**

ਗੁਰਮਤਿ ਅਨੁਸਾਰ ਅਧਿਆਤਮਕ ਪ੍ਰਾਪਤੀ ਲਈ ਨਾ ਤਾਂ ਕਰਮ ਕਾਂਡ ਦਾ ਕੋਈ ਵਿਸ਼ੇਸ਼ ਮਹਤਵ ਹੈ, ਨਾ ਪਰਿਵਾਰਕ ਜੀਵਨ ਤਿਆਗ ਕੇ ਜੰਗਲ ਦੇ ਵਣ ਕੰਡੇ ਮੋੜਨ ਜਾਂ ਕਠਿਨ ਤਪਸਿਆ ਕਰਨ ਦਾ ਤੇ ਨਾ ਹੀ ਹਠ-ਯੋਗ ਵਰਗੀ ਕਿਸੇ ਵਿਧੀ ਰਾਹੀਂ ਸਰੀਰ ਨੂੰ ਤੰਗ ਕਰਨ, ਕੋਹਣ ਜਾਂ ਤਸੀਹੇ ਦੇਣ ਦਾ। ਇਹ ਮਾਰਗ ਤੰਤਰ ਸਾਧਨਾ, ਗਿਆਨ ਸਾਧਨਾ ਜਾਂ ਤੀਰਥ ਯਾਤਰਾਵਾਂ ਕਰਨ ਨੂੰ ਵੀ ਬਹੁਤ ਉੱਚਾ ਸਥਾਨ ਨਹੀਂ ਦੇਂਦਾ। ਗ੍ਰਿਹਸਤ ਜੀਵਨ ਬਤੀਤ ਕਰਦੇ ਹੋਏ, ਹਉਮੈ ਤਿਆਗ ਦੇ ਯਤਨ ਕਰਨ ਅਤੇ ਸਤਿਗੁਰੂ ਦੀ ਕਿਰਪਾ ਪ੍ਰਾਪਤੀ ਲਈ ਅਰਦਾਸ ਵਿਚ ਜੁੜਨਾ, ਗੁਰਮਤਿ ਮਾਰਗ ਦੀ ਵਿਸ਼ੇਸ਼ ਲੋੜ ਹੈ। ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ, ਨਿਸ਼ਕਾਮ ਹੋ ਕੇ ਸੇਵਾ ਕਰਨੀ ਅਤੇ ਇਹ ਸਾਰੇ ਜਤਨ ਕਰਦਿਆਂ ਸਹਿਜ ਬਣ ਰਹਿਣਾ—ਵੇਖਣ, ਸੁਣਨ ਨੂੰ ਭਾਵੇਂ ਅਸਲੋਂ ਸੌਖੇ ਕਾਰਜ ਹੀ ਜਾਪਣ—ਪਰ ਅਭਿਆਸ ਕਰਦਿਆਂ ਇਹ ਰਾਹ 'ਸਿਰ ਧਰਿ ਤਲੀ, ਗਲੀ ਮੇਰੀ ਆਓ' ਵਾਲਾ ਹੀ ਹੈ। ਇਸ ਮਾਰਗ ਤੇ ਚੱਲਣ ਵਾਲੇ ਅਭਿਲਾਸ਼ੀ ਦੇ ਮਨ ਵਿਚ ਅਥਾਹ ਸ਼ਰਧਾ ਹੀ ਉਸਨੂੰ ਆਪਣੇ ਸਾਰੇ ਕਾਰਜ ਅਤੇ ਪਰਾਪਤੀਆਂ ਗੁਰੂ ਦੇ ਲੇਖੇ ਲਾਉਣ ਦੇ ਯੋਗ ਬਣਾ ਸਕਦੀ ਹੈ।

ਸਭ ਕੁਝ ਕਰਦਿਆਂ ਹੋਇਆਂ ਵੀ ਕਈ ਪਰਕਾਰ ਦੇ ਪ੍ਰਸ਼ਨ ਗੁਰਮਤਿ ਮਾਰਗ ਦੇ ਰਾਹੀ ਦੇ ਮਨ ਵਿਚ ਉੱਠਣੇ ਸੁਭਾਵਕ ਹਨ। ਇਹਨਾਂ ਪ੍ਰਸ਼ਨਾਂ ਦੇ ਉੱਤਰ ਗੁਰਬਾਣੀ ਵਿਚੋਂ ਪਰਾਪਤ ਹੋ ਜਾਣਗੇ ਪਰ ਪਹਿਲਾਂ ਗੁਰਬਾਣੀ ਦੀ ਭਾਵਨਾ ਨਾਲ ਮਨ ਨੂੰ ਇਕ ਸੁਰ ਕਰਨਾ ਜ਼ਰੂਰੀ ਹੈ। ਸ. ਬਲਵਿੰਦਰ ਸਿੰਘ ਨੇ 'ਨਾਨਕ ਕਹਤ ਪੁਕਾਰ ਕੈ' ਨਾਂ ਦੀ ਆਪਣੀ ਪੁਸਤਕ ਰਾਹੀਂ ਇਸ ਮਾਰਗ ਦੇ ਸੁਚੇਤ ਪਾਂਧੀਆਂ ਦੇ ਮਨ ਵਿਚ ਉੱਭਰ ਸਕਣ ਵਾਲੇ ਕੁਝ ਪ੍ਰਸ਼ਨਾਂ ਨੂੰ ਗੁਰਬਾਣੀ ਦੇ ਪ੍ਰਸੰਗ ਵਿਚ ਵਿਚਾਰਨ ਦਾ ਯਤਨ ਕੀਤਾ ਹੈ।

ਸ. ਬਲਵਿੰਦਰ ਸਿੰਘ ਮੂਲ ਰੂਪ ਵਿਚ ਕਵੀ ਹਨ ਅਤੇ ਉਹਨਾਂ ਨੇ ਕਈ ਕਾਵਿ ਸੰਗ੍ਰਹਿ ਪ੍ਰਕਾਸ਼ਿਤ ਵੀ ਕਰਵਾਏ ਹਨ। ਗੁਰ ਸਿੱਖ ਪਰਿਵਾਰ ਨਾਲ ਸਬੰਧਤ ਹੋਣ ਅਤੇ ਆਪਣੇ ਵੱਡੇ ਵੀਰ, ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਸੰਗਤ ਕਾਰਣ ਉਹਨਾਂ ਨੇ ਆਪਣੀਆਂ ਰੁਚੀਆਂ ਦੀ ਮੁਹਾਰ ਗੁਰਮਤਿ ਖੋਜ ਵਲ ਮੋੜੀ ਹੈ। ਇਸ ਰਾਹ ਤੇ ਚਲਦਿਆਂ ਮਨ ਵਿਚ ਪੈਦਾ ਹੋ ਸਕਣ ਵਾਲੇ ਕੁਝ ਮਹਤਵਪੂਰਨ ਪ੍ਰਸ਼ਨ ਉਹਨਾਂ ਨੇ 'ਨਾਨਕ ਕਹਤ

ਪੁਕਾਰ ਕੇ' ਦੇ ਸੋਲ੍ਹਾਂ ਲੇਖਾਂ ਰਾਹੀਂ ਵਿਚਾਰਨ ਦਾ ਯਤਨ ਕੀਤਾ ਹੈ। ਜ਼ਰੂਰੀ ਨਹੀਂ ਕਿ ਹਰ ਪਾਠਕ ਲੇਖਕ ਦੇ ਹਰ ਵਿਚਾਰ ਨਾਲ ਸਹਿਮਤ ਹੋਵੇ ਪਰ ਪੁਸਤਕ ਵਿਚ ਉਠਾਏ ਗਏ ਪ੍ਰਸ਼ਨਾਂ ਦੀ ਸਾਰਥਕਤਾ ਨੂੰ ਪ੍ਰੱਖਿਆ ਕਰਨਾ ਗੁਰਮਤਿ ਵਿਚਾਰਧਾਰਾ ਨਾਲ ਸਾਂਝ ਰਖਣ ਵਾਲੇ ਪਾਠਕ ਲਈ ਔਖਾ ਹੋਵੇਗਾ।

ਖੋਜ ਦੀ ਰਾਹ ਤੇ ਸਭ ਤੋਂ ਵਧ ਮਹਤਵ ਪ੍ਰਸ਼ਨ ਪੈਦਾ ਹੋਣ ਦਾ ਹੈ ਫਿਰ ਜਿਸ ਦੇ ਮਨ ਵਿਚ ਕੁਝ ਪ੍ਰਾਪਤ ਕਰਨ ਦੀ ਚਿਣਗ ਹਵੇਗੀ, ਉਹ ਸਤਿ-ਸੰਗਤ, ਸੰਤ ਸੰਗਤ, ਅਤੇ ਇਹਨਾਂ ਦੋਹਾਂ ਦਾ ਸੁਮੇਲ ਬਣਦੀਆਂ ਸਬੰਧਤ ਸਮਗਰੀ ਭਰਪੂਰ ਪੁਸਤਕਾਂ ਦੇ ਅਧਿਐਨ ਰਾਹੀਂ ਇਹਨਾਂ ਪ੍ਰਸ਼ਨਾਂ ਦੇ ਉੱਤਰ ਵੀ ਖੋਜ ਲਵੇਗਾ। ਕਿਉਂਕਿ 'ਜਿਨਿ ਖੋਜਿਆ-ਤਿਨਿ ਪਾਇਆ' ਸਦੀਵੀ ਸੱਚ ਹੈ ਇਸ ਲਈ ਅਜਿਹਾ ਖੋਜੀ ਕੁਝ ਪਾ ਵੀ ਜ਼ਰੂਰ ਲਵੇਗਾ।

ਗੁਰਬਾਣੀ ਦਾ ਇਹ ਮਹਾਂ ਵਾਕ,

"ਤੀਰਥ ਨਾਵਣ ਜਾਉ ਤੀਰਥ ਨਾਮ ਹੈ,
ਤੀਰਥ ਸਬਦ ਬੀਚਾਰ ਅੰਤਰਿ ਗਿਆਨ ਹੈ।"

ਮਨ ਵਿਚ ਇਕ ਪ੍ਰਸ਼ਨ ਖੜਾ ਕਰਦਾ ਹੈ ਕਿ ਫਿਰ 'ਅੰਮ੍ਰਿਤਸਰ ਸਾਧ ਸੰਗਤ, ਸਾਧ ਸੰਗਤ ਅੰਮ੍ਰਿਤਸਰ' ਇਸ ਪ੍ਰਸ਼ਨ ਦਾ ਹਲ ਲੱਭਣ ਦਾ ਜਤਨ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਅਭਿਲਾਸ਼ੀ ਨੂੰ ਹੇਠਾਂ ਕਿਉਂ ਉਤਰਨਾ ਪੈਂਦਾ ਹੈ, ਜਦ ਕਿ ਬਾਕੀ ਧਰਮਸਥਾਨ ਉੱਚੀਆਂ ਥਾਂਵਾਂ ਤੇ ਸਥਿਤ ਹਨ? ਸ. ਬਲਵਿੰਦਰ ਸਿੰਘ 'ਸ੍ਰੀ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਦਾ ਸੰਕਲਪ ਦੇ ਸਰੂਪ' ਵਿਚ ਇਸ ਪ੍ਰਸ਼ਨ ਨੂੰ ਸਫਲਤਾ ਨਾਲ ਉਭਾਰ ਕੇ ਮਨ ਵਿਚ ਉਤਸੁਕਤਾ ਜਗਾਉਂਦੇ ਹਨ।

'ਗੁਰਦੁਆਰੇ ਹਮਰਾ ਵੀਆਹ ਜਿ ਹੋਆ' ਲੇਖ ਵਿਚ ਗੁਰਮਤਿ ਅਨੁਸਾਰ ਵਿਆਹ ਕਰਵਾਉਣ ਉਪਰੰਤ ਪਤੀ ਪਤਨੀ ਤੇ ਸੰਬੰਧੀਆਂ ਵਲੋਂ ਕੀਤੇ ਜਾਂਦੇ ਸਮਾਗਮਾਂ ਬਾਰੇ ਮੱਤ ਪ੍ਰਗਟ ਕਰਦਿਆਂ ਸਦੀਵੀ ਅਨੰਦ ਪ੍ਰਾਪਤ ਕਰਨ ਦੀ ਵਿਧੀ ਬਾਰੇ ਵਿਚਾਰ ਹੈ। ਸੇਵਾ, ਸਿਮਰਨ, ਆਹਾਰ, ਇਕਸੁਰਤਾ ਆਦਿ ਅਨੇਕ ਅਜਿਹੇ ਨੁਕਤੇ ਹਨ ਜਿਹਨਾਂ ਬਾਰੇ ਹੋਰ ਜਾਣਨ, ਸਮਝਣ ਤੇ ਗਿਆਨ ਪ੍ਰਾਪਤ ਕਰਨ ਲਈ ਗੁਰਮਤਿ ਵਿਚਾਰਧਾਰਾ ਨਾਲ ਸਬੰਧਤ ਹਰ ਵਿਅਕਤੀ ਚਾਹਵਾਨ ਹੈ।

ਚੰਗੇ ਸਾਹਿਤ ਦਾ ਕੰਮ ਸੂਝ ਦੇ ਸ਼ਾਂਤ ਖਲੋਤੇ ਪਾਣੀਆਂ ਵਿਚ ਲਹਿਰਾਂ ਵਰਗੀ ਹਲਚਲ ਪੈਦਾ ਕਰਨਾ ਹੁੰਦਾ ਹੈ। ਇਹ ਹਲਚਲ ਸੋਚ ਦੀ ਰੁਮਕਦੀ ਪੌਣ ਰਾਹੀਂ ਵੀ ਪੈਦਾ ਕੀਤੀ ਜਾ ਸਕਦੀ ਹੈ ਤੇ ਪ੍ਰਸ਼ਨਾਂ ਦੀਆਂ ਗੀਟੀਆਂ ਮਾਰ ਕੇ ਵੀ। ਅਡੋਲ ਖਲੋਤੇ ਪਾਣੀਆਂ ਉੱਤੇ ਕਾਈ ਜੰਮਣ ਜਾਂ ਬਦਬੂ ਪੈਦਾ ਹੋਣ ਦਾ ਡਰ ਬਣਿਆ ਰਹਿੰਦਾ ਹੈ। ਚਲਦੇ, ਵਗਦੇ, ਹਿੱਲਦੇ ਪਾਣੀਆ ਦੀ ਤਾਜ਼ਗੀ ਬਰਕਰਾਰ ਰਹਿੰਦੀ ਹੈ। 'ਨਾਨਕ ਕਹਤ ਪੁਕਾਰ ਕੇ' ਦੇ ਲੇਖਕ ਸ. ਬਲਵਿੰਦਰ ਸਿੰਘ ਨੇ ਸੋਲ੍ਹਾਂ ਲੇਖਾਂ ਰਾਹੀਂ ਪਾਠਕਾਂ ਦੀ ਸੂਝ ਤੇ

ਬਾਕੀ ਦੇਖੋ ਸਫਾ 32

# ਕੈਸੱਟ ਸਮੀਖਿਆ
# ਤੇਰਾ ਹੁਕਮੁ ਅਪਾਰ ਹੈ

## ਰਾਗੀ ਭਾਈ ਇਕਬਾਲ ਸਿੰਘ, ਭਾਈ ਅਵਤਾਰ ਸਿੰਘ ਜੀ

—ਹਰਚਰਨ ਸਿੰਘ
173, ਪਾਰਕ ਸਟਰੀਟ
ਕਲਕੱਤਾ-700017

ਵਰਤਮਾਨ ਯੁਗ ਦੇ ਪ੍ਰਮੁਖ ਰਾਗੀ ਜਥਿਆਂ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ, ਸੰਤ ਅਨੂਪ ਸਿੰਘ ਜੀ ਉਪਰੰਤ ਲੋਕਪ੍ਰਿਯਤਾ ਅਤੇ ਸੰਗਤਾਂ ਦੀ ਮੰਗ ਦੇ ਆਧਾਰ ਤੇ ਜਿਨ੍ਹਾਂ ਰਾਗੀ ਜਥਿਆਂ ਦਾ ਉਲੇਖ ਮਾਣ ਤੇ ਗੌਰਵ ਨਾਲ ਕੀਤਾ ਜਾ ਸਕਦਾ ਹੈ, ਉਹਨਾਂ ਚੋਂ ਭਾਈ ਇਕਬਾਲ ਸਿੰਘ ਜੀ ਦਾ ਜਥਾ ਵਿਸ਼ੇਸ਼ ਅਸਥਾਨ ਰਖਦਾ ਹੈ, ਆਪ ਜੀ ਛੋਟੀ ਉਮਰ ਵਿਚ ਹੀ ਉਜਵਲ ਭਵਿਖ ਦਾ ਸੰਕੇਤ ਦੇ ਰਹੇ ਹਨ ਅਤੇ ਕੀਰਤਨ ਪ੍ਰੇਮੀ ਵੀ ਆਪ ਜੀ ਦੇ ਜਥੇ ਪਾਸੋਂ ਅਜਿਹੀ ਆਸ ਰਖਦੇ ਹਨ।

ਇਹ ਇਕ ਅਤਿ ਹੀ ਪ੍ਰਸੰਨਤਾ ਦੀ ਗੱਲ ਹੈ ਕਿ ਜਿਵੇਂ ਉਪਰੋਕਤ ਤਿੰਨੇ ਹੀ ਚੋਟੀ ਦੇ ਰਾਗੀ ਜਥਿਆਂ ਨੇ ਕਥਾ ਤੋਂ ਰਹਿਤ ਨਿਰੋਲ ਕੀਰਤਨ ਕਰਨ ਦੀ ਪ੍ਰਥਾ ਆਰੰਭੀ ਹੈ, ਉਸੇ ਲੀਹ ਤੇ ਚਲਦਿਆਂ ਅਜ ਦੇ ਕਈ ਨਵੀਨ ਰਾਗੀ ਜਥਿਆਂ ਨੇ ਗੰਭੀਰਤਾ ਨਾਲ ਇਸ ਪ੍ਰਥਾ ਨੂੰ ਕਾਇਮ ਰਖਿਆ ਹੈ। ਅਜਿਹਾ ਹੋਣ ਨਾਲ ਕੈਸੱਟ ਸੁਣਨ ਵਾਲੇ ਸਰੋਤਿਆਂ ਦੇ ਹਿਰਦੇ ਵਿਚ ਪ੍ਰਸੰਨਤਾ ਹੋਣੀ ਤਾਂ ਲਾਜ਼ਮੀ ਹੀ ਹੈ, ਸਟੇਜ ਉਪਰ ਹੁੰਦੇ ਕੀਰਤਨ ਨੂੰ ਵੀ ਪੂਰਨ ਸਤਿਕਾਰ ਪ੍ਰਾਪਤ ਹੋਣਾ ਆਰੰਭ ਹੋ ਗਿਆ ਹੈ ਜੋ ਕਾਫੀ ਸਮੇਂ ਤੋਂ ਲੋੜੀਂਦਾ ਸੀ।

**ਕੈਸਟਾਂ ਸੁਣਨ ਵਾਲੇ ਕੀਰਤਨ ਪ੍ਰੇਮੀਆਂ ਲਈ ਤਾਂ ਇਹ ਤੱਥ ਇਕ ਵਰਦਾਨ ਸਾਬਿਤ** ਹੋਇਆ ਹੈ, ਕਿਉਂਕਿ ਕਿਸੇ ਵੀ ਸ਼ਬਦ ਨੂੰ ਤਾਂ ਵਾਰ-ਵਾਰ ਸ੍ਰਵਣ ਕੀਤਾ ਜਾ ਸਕਦਾ ਹੈ, ਪਰੰਤੂ ਸ਼ਬਦ ਦੇ ਨਾਲ ਕੀਤੀ ਗਈ ਕਥਾ ਬਾਰ-ਬਾਰ ਨਹੀਂ ਸੁਣੀ ਜਾ ਸਕਦੀ, ਜਿਸ ਲਈ ਕੈਸਟ ਪ੍ਰੇਮੀ ਨੂੰ ਮੁੜ ਸ਼ਬਦ ਸ੍ਰਵਣ ਕਰਨ ਲਈ ਕੈਸਟ ਨੂੰ ਅੱਗੇ ਪਿੱਛੇ ਕਰਨਾ ਪੈਂਦਾ ਹੈ। ਨਿਰੋਲ ਕੀਰਤਨ ਦੀ ਪਿਰਤ ਪਾਉਣ ਹਿਤ ਉਪਰੋਕਤ ਰਾਗੀ ਜੱਥੇ ਵਧਾਈ ਦੇ ਪਾਤਰ ਹਨ।

ਭਾਈ ਇਕਬਾਲ ਸਿੰਘ, ਅਵਤਾਰ ਸਿੰਘ ਜੀ ਲੁਧਿਆਣੇ ਵਾਲੇ ਭਾਵੇਂ ਸਪਸ਼ਟ ਰੂਪ ਵਿਚ ਰਾਗ ਵਿਦਿਆ ਦੇ ਖੇਤਰ ਵਿਚ ਧਨੀ ਨਹੀਂ ਹਨ, ਪਰ ਆਪ ਜੀ ਨਿਵੇਕਲੀ ਗਾਇਨ

ਸ਼ੈਲੀ ਸਰੋਤਿਆਂ ਨੂੰ ਕੀਲਣ ਦੀ ਸਮਰੱਥਾ ਅਵਸ਼ ਰਖਦੀ ਹੈ। ਇਸ ਨੂੰ ਆਪ ਜੀ ਉਪਰ ਇਸ ਘਟ ਉਮਰ ਵਿਚ ਵਾਹਿਗੁਰੂ ਦੀ ਅਪਾਰ ਬਖ਼ਸ਼ਿਸ਼ ਕਿਹਾ ਜਾ ਸਕਦਾ ਹੈ, ਆਪ ਜੀ ਬੜੇ ਉੱਚੇ ਸਕੇਲ ਤੇ ਗਾਇਨ ਕਰਦੇ ਹਨ ਜੋ ਕਿ ਨਵੀਨਤਾ ਹੈ।

ਕੁਝ ਸਮਾ ਪਹਿਲਾਂ "ਇੰਡੀਅਨ ਮੈਲੋਡੀਜ਼", ਲੁਧਿਆਣਾ ਨੇ ਆਪ ਜੀ ਦੇ ਕੀਰਤਨ ਦੀ ਕੈਸਟ —"ਤੇਰਾ ਹੁਕਮੁ ਅਪਾਰ ਹੈ"—ਰਿਲੀਜ਼ ਕੀਤੀ ਹੈ ਜਿਸ ਵਿਚ ਆਪ ਜੀ ਦੁਆਰਾ ਗਾਇਨ ਕੀਤੇ ਗਏ ਸੱਤ ਸ਼ਬਦ ਸ਼ਾਮਲ ਹਨ। ਕੈਸਟ ਦੀ 'ਏ' ਦਿਸ਼ਾ ਤੇ ਟਾਈਟਲ ਅਨੁਸਾਰ ਪ੍ਰਥਮ ਸ਼ਬਦ ਆਪ ਜੀ ਨੇ —"ਤੇਰਾ ਹੁਕਮੁ ਅਪਾਰ ਹੈ, ਕੋਈ ਅੰਤੁ ਨਾ ਪਾਏ"—ਟੇਕ ਰਖ ਕੇ ਗਾਇਨ ਕੀਤਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾ 396 ਉਪਰ ਅੰਕਿਤ—"ਆਸਾ ਘਰ 8 - ਕਾਫੀ ਮਹਲਾ ਪੰਜਵਾਂ—" ਅਧੀਨ ਇਸ ਸ਼ਬਦ ਦੀ ਰਹਾਉ ਦੀ ਤੁਕ ਹੈ—"ਮਾਣੁ ਨਿਮਾਣੇ ਤੂੰ ਧਣੀ, ਤੇਰਾ ਭਰਵਾਸਾ। ਬਿਨੁ ਸਾਚੇ ਅਨਿਟੇਕ ਹੈ, ਸੋ ਜਾਣਹੁ ਕਾਚਾ ॥" ਆਮ ਤੌਰ 'ਤੇ ਰਾਗੀ ਸਿੰਘ ਇਸ ਸ਼ਬਦ ਦੀ ਟੇਕ—"ਮੈਂ ਬੰਦਾ ਬੈਖਰੀਦ, ਸਚੁ ਸਾਹਿਬੁ ਮੇਰਾ॥ ਜੀਉ ਪਿੰਡ ਸਭੁ ਤਿਸ ਦਾ, ਸਭੁ ਕਿਛੁ ਹੈ ਤੇਰਾ—" ਰਖਦੇ ਹਨ। ਪਰ ਭਾਈ ਸਾਹਿਬ ਨੇ ਸ਼ਾਇਦ ਨਵੀਨਤਾ ਹਿਤ ਇਸ ਇਸ ਪ੍ਰਚਲਿਤ ਟੇਕ ਨੂੰ ਨਾ ਵਰਤ ਕੇ—"ਤੇਰਾ ਹੁਕਮ ਅਪਾਰ ਹੈ, ਕੋਈ ਅੰਤ ਨਾ ਪਾਏ" —ਟੇਕ ਰੱਖ ਕੇ ਇਸ ਸ਼ਬਦ ਦਾ ਗਾਇਨ ਕੀਤਾ ਹੈ। ਕਹਿਰਵ ਤਾਲ ਵਿਚ ਨਿਬੱਧ ਇਸ ਸ਼ਬਦ ਦੀ ਰੀਤ ਸੋਹਣੀ ਬਣ ਆਈ ਹੈ।

'ਏ' ਦਿਸ਼ਾ ਦਾ ਦੂਸਰਾ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨੇ 157 ਉੱਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਣ ਕੀਤਾ ਹੋਇਆ—"ਗਉੜੀ ਬੈਰਾਗਣਿ ਮਹਲਾ ਪਹਿਲਾ" ਅਧੀਨ ਅੰਕਿਤ ਹੈ। ਭਾਈ ਸਾਹਿਬ ਨੇ ਇਸ ਸ਼ਬਦ ਦੀ ਰਹਾਉ ਦੀ ਤੁਕ ਨੂੰ ਹੀ ਆਧਾਰ ਬਣਾ ਕੇ —"ਤੇਰਾ ਨਾਮੁ ਵਖਰੁ ਵਾਪਾਰੁ ਜੀ"—ਪੰਕਤੀ ਨਾਲ ਸ਼ਬਦ ਦਾ ਆਰੰਭ ਕੀਤਾ ਹੈ। ਚਲੰਤ ਕਹਿਰਵੇ ਤਾਲ ਵਿਚ ਨਿਬੰਧ ਇਹ ਰੀਤ ਦਿਲ-ਖਿਚਵੀਂ ਹੈ, ਵਿਸ਼ੇਸ਼ ਕਰਕੇ ਅੰਤਰੇ ਦੇ ਉਪਰਲੇ ਸਕੇਲ 'ਤੇ ਗਾਇਨ ਸੁਣਨ ਲਾਇਕ ਹੈ। ਅਸਥਾਈ ਵਿਚ ਨੀਵੇਂ ਸੁਰਾਂ 'ਤੇ ਜਦ ਆਪ ਜੀ—"ਮੈਂ ਬਨਜਾਰਨਿ ਰਾਮ ਕੀ"—ਗਾਇਨ ਕਰਦੇ ਹਨ ਤਾਂ ਬਹੁਤ ਹੀ ਮਧੁਰ ਪ੍ਰਤੀਤ ਹੁੰਦਾ ਹੈ।

ਇਸੇ ਦਿਸ਼ਾ ਦਾ ਤੀਜਾ ਸ਼ਬਦ ਭਗਤ ਰਾਮਾਨੰਦ ਜੀ ਦੁਆਰਾ ਉਚਾਰਿਤ—"ਬਸੰਤ ਰਾਮਾਨੰਦ ਜੀ, ਘਰ ਪਹਿਲਾ" ਅਧੀਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾ 1195 ਉਪਰ ਅੰਕਿਤ ਹੈ। ਇਸ ਸ਼ਬਦ ਦੀ ਰਹਾਉ ਦੀ ਤੁਕ ਹੈ "ਕਤ ਜਾਈਐ ਰੇ ਘਰਿ ਲਾਗੋ ਰੰਗੁ॥ ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ"॥ ਪਰੰਤੂ ਭਾਈ ਸਾਹਿਬ ਨੇ ਇਸ ਸ਼ਬਦ ਦਾ ਗਾਇਨ —"ਸਤਿਗੁਰ ਮੈਂ ਬਲਿਹਾਰੀ ਤੋਰ"— ਪੰਕਤੀ ਨੂੰ ਟੇਕ ਬਣਾ ਕੇ ਕੀਤਾ ਹੈ। ਇਹ ਸ਼ਬਦ ਵੀ ਚਲੰਤ ਕਹਿਰਵੇ ਤਾਲ ਵਿਚ ਨਿਬੱਧ ਹੈ ਅਤੇ ਭਾਈ ਸਾਹਿਬ ਨੇ ਬੜੀ ਮਿਠਾਸ ਨਾਲ ਸ਼ਬਦ ਦਾ ਗਾਇਨ ਕੀਤਾ ਹੈ। ਪਰੰਤੂ ਪਰੰਪਰਾਗਤ, ਪੰਥ ਦੇ ਪੁਰਾਤਨ ਰਾਗੀ ਸਿੰਘ ਇਸ ਸ਼ਬਦ ਨੂੰ 'ਰਾਗ ਬਸੰਤ' ਵਿਚ ਹੀ—"ਕਤ ਜਾਈਐ ਰੇ

ਘਰਿ ਲਾਗੋ ਰੰਗ" ਟੇਕ ਰਖ ਕੇ ਬਿਖੜੇ ਤਾਲਾਂ ਵਿਚ ਗਾਇਨ ਕਰਦੇ ਸੁਣੀਂਦੇ ਗਏ ਹਨ ਜੋ ਸੁਣਦਿਆਂ ਹੀ ਬਸੰਤ ਰੁਤ ਦਾ ਮਹੌਲ ਬਣ ਜਾਂਦਾ ਸੀ। ਇੰਜ ਹੋਣਾ ਉਚਿਤ ਵੀ ਹੈ ਅਤੇ ਆਵਸ਼ਕ ਵੀ ਕਿਉਂਕਿ ਸ਼ਬਦ ਜਿਸ ਰਾਗ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ, ਉਸ ਦਾ ਗਾਇਨ ਉਸੇ ਰਾਗ ਵਿਚ ਕੀਤਾ ਜਾਣਾ ਬਣਦਾ ਹੈ।

ਹੱਥਲੀ ਕੈਸਟ ਦੀ 'ਬੀ' ਦਿਸ਼ਾ ਦਾ ਪਹਿਲਾ ਸ਼ਬਦ "ਆਸਾ ਮਹਲਾ ਪੰਜਵਾਂ" ਅਧੀਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾ 398 ਉਪਰ ਅੰਕਿਤ ਹੈ, ਭਾਈ ਸਾਹਿਬ ਨੇ ਰਹਾਉ ਦੀ ਤੁਕ ਨੂੰ ਹੀ ਆਧਾਰ ਬਣਾ ਕੇ ਇਸ ਸ਼ਬਦ ਦਾ ਆਰੰਭ—"ਮੇਰੇ ਸਤਿਗੁਰ ਪੂਰੇ" ਦੁਆਰਾ ਕੀਤਾ ਹੈ ਜਦਕਿ ਸੰਪੂਰਨ ਪੰਕਤੀ ਹੈ—"ਮੈਂ ਗਰੀਬ ਸਚੁ ਟੇਕ ਤੂੰ ਮੇਰ ਸਤਿਗੁਰ ਪੂਰੇ ॥ ਦੇਖਿ ਤੁਮਾਰਾ ਦਰਸਨੋ ਮੇਰਾ ਮਨੁ ਧੀਰੇ" ॥ ਦਾਦਰਾ ਤਾਲ ਵਿਚ ਨਿਬੱਧ ਇਸ ਸ਼ਬਦ ਦਾ ਗਾਇਨ ਬੜਾ ਆਨੰਦਮਈ ਹੈ। ਵਿਸ਼ੇਸ਼ ਕਰਕੇ ਸ਼ਬਦ ਦੇ ਅੰਤਰੇ ਨੂੰ ਭਾਈ ਸਾਹਿਬ ਨੇ ਉਚੀਆਂ ਸੁਰਾਂ 'ਤੇ ਬੜੇ ਹੀ ਪੁਰਕਸ਼ਿਸ਼ ਅੰਦਾਜ਼ ਵਿਚ ਗਾ ਕੇ ਆਪਣੀ ਸੰਗੀਤਕ ਪ੍ਰਤਿਭਾ ਦਾ ਪ੍ਰਮਾਣ ਦਿਤਾ ਹੈ।

'ਬੀ' ਸਾਈਡ ਦਾ ਦੂਜਾ ਸ਼ਬਦ "ਸਲੋਕ ਮਹਲਾ ਪੰਜਵਾਂ (ਸਾਰੰਗ ਦੀ ਵਾਰ)" ਅਧੀਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾ 1251 ਉਪਰ ਅੰਕਿਤ ਹੈ। ਇਹ ਪੰਜ ਪੰਕਤਿਆਂ ਦਾ ਛੋਟਾ ਸ਼ਬਦ ਹੈ, ਜਿਸ ਦੀ ਪਹਿਲੀ ਪੰਕਤੀ ਨੂੰ ਹੀ ਭਾਈ ਸਾਹਿਬ ਨੇ ਟੇਕ ਵਜੋਂ ਪ੍ਰਯੋਗ ਕੀਤਾ ਹੈ – "ਸਭੇ ਜੀਅ ਸਮਾਲਿ, ਆਪਣੀ ਮਿਹਰ ਕਰੁ ॥ ਅੰਨੁ ਪਾਣੀ ਮੁਚੁ ਉਪਾਇ, ਦੁਖ ਦਾਲਦੁ ਭੰਨਿ ਤਰੁ" ॥ ਆਕਾਸ਼ਵਾਣੀ ਦੇ ਜਲੰਧਰ ਕੇਂਦਰ ਤੋਂ ਸਮੇਂ ਸਮੇਂ ਇਸ ਸ਼ਬਦ ਦੀ ਰਿਕਾਰਡਿੰਗ ਪ੍ਰਸਾਰਿਤ ਕੀਤੀ ਜਾਂਦੀ ਹੈ। ਕਹਿਰਵੇ ਤਾਲ ਵਿਚ ਨਿਬੱਧ ਇਸ ਸ਼ਬਦ ਨੂੰ ਵਾਰ ਵਾਰ ਸ੍ਰਵਣ ਕਰਨ ਦੀ ਇੱਛਾ ਉਪਜਦੀ ਹੈ।

'ਬੀ' ਦਿਸ਼ਾ ਦਾ ਤੀਜਾ ਸ਼ਬਦ –"ਰਾਖੁ ਪਿਤਾ ਪ੍ਰਭ ਮੇਰੇ ॥ ਮੋਹਿ ਨਿਰਗੁਨੁ ਸਭ ਗੁਣ ਤੇਰੇ" ॥ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾ 205-6 ਉਪਰ 'ਗਉੜੀ ਮਹਲਾ ਪੰਜਵਾਂ' ਅਧੀਨ ਅੰਕਿਤ ਹੈ। ਕਹਿਰਵੇ ਤਾਲ ਵਿਚ ਹੀ ਨਿਬੱਧ ਇਸ ਸ਼ਬਦ ਦੇ ਗਾਇਨ ਹਿਤ ਰਹਾਉ ਦੀ ਪੰਕਤੀ ਦਾ ਹੀ ਪ੍ਰਯੋਗ ਕੀਤਾ ਗਿਆ ਹੈ। ਰੀਤ ਚਲੰਤ ਹੋਣ 'ਤੇ ਵੀ ਅੰਤਰਾ ਬੜਾ ਸੁਰੀਲਾ ਹੈ। ਭਾਈ ਸਾਹਿਬ ਪ੍ਰਯੋਗ ਵਜੋਂ ਇਸ ਰੀਤ ਨੂੰ ਮੱਧਮ ਲੈ ਵਿਚ ਗਾਇਨ ਕਰਕੇ ਵੇਖ ਸਕਦੇ ਹਨ। ਹੋ ਸਕਦਾ ਹੈ ਆਨੰਦ ਵਧੇਰੇ ਆਵੇ।

ਇਸ ਕੈਸਟ ਦਾ ਅੰਤਲਾ ਸ਼ਬਦ ਭਗਤ ਕਬੀਰ ਜੀ ਦੁਆਰਾ ਉਚਾਰਨ ਕੀਤਾ ਹੋਇਆ ਹੈ ਅਤੇ "ਬਿਲਾਵਲੁ (ਕਬੀਰ ਜੀਉ)" ਅਧੀਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾ 856 ਉੱਪਰ ਦਰਜ ਹੈ। ਭਾਈ ਸਾਹਿਬ ਨੇ ਰਹਾਉ ਦੀ ਪੰਕਤੀ "ਰਾਖਿ ਲੇਹੁ ਹਮ ਤੇ ਬਿਗਰੀ ॥ ਸੀਲੁ ਧਰਮੁ ਜਪੁ ਭਗਤਿ ਨਾ ਕੀਨੀ, ਹਉ ਅਭਿਅਨ ਟੇਢ ਪਗਰੀ" ॥ ਨੂੰ ਹੀ ਆਧਾਰ ਬਣਾ ਕੇ ਸ਼ਬਦ ਦਾ ਗਾਇਨ ਕੀਤਾ ਹੈ। ਕੈਸਟ ਦੇ ਬਾਕੀ ਸ਼ਬਦਾਂ ਵਾਂਗ ਇਸ ਸ਼ਬਦ ਨੂੰ ਵੀ ਭਾਈ ਸਾਹਿਬ ਨੇ ਆਪਣੀ ਵਿਲੱਖਣ ਸ਼ੈਲੀ ਵਿਚ ਚਲੰਤ

ਰੂਪ ਵਿਚ ਗਾਇਆ ਹੈ ਜੋ ਕੰਨਾਂ ਨੂੰ ਮਧੁਰ ਲੱਗਦਾ ਹੈ ।

ਸਮੁੱਚੇ ਤੌਰ ਤੇ ਇਸ ਕੈਸਟ ਨੂੰ ਸ੍ਰਵਣ ਕਰਨ ਮਗਰੋਂ ਇਹ ਆਸ ਬੱਝਦੀ ਪ੍ਰਤੀਤ ਹੁੰਦੀ ਹੈ ਕਿ ਆਉਣ ਵਾਲੇ ਸਮੇਂ ਵਿਚ ਭਾਈ ਇਕਬਾਲ ਸਿੰਘ ਜੀ, ਅਵਤਾਰ ਸਿੰਘ ਜੀ ਦਾ ਜਥਾ ਨਵੀਆਂ ਸਿਖਰਾਂ ਨੂੰ ਛੂਹੇਗਾ । ਇਹ ਕੈੱਸਟ ਹਰ ਕੀਰਤਨ ਪ੍ਰੇਮੀ ਦੇ ਕੈੱਸਟ ਸੰਗ੍ਰਹਿ ਵਿਚ ਹੋਣੀ ਲਾਜ਼ਮੀ ਬਣਦੀ ਹੈ ਤਾਂ ਕਿ ਇਹ ਪ੍ਰਤੀਤ ਕੀਤਾ ਜਾ ਸਕੇ ਕਿ ਨਵੇਂ ਉਭਰਦੇ ਰਾਗੀ ਜਥੇ ਵੀ ਕੀਰਤਨ ਕਲਾ ਪ੍ਰਤੀ ਪੂਰਨ ਤੌਰ 'ਤੇ ਸੁਚੇਤ ਹਨ ਅਤੇ ਮਨੋਹਰ ਕੀਰਤਨ ਕਰਨ ਵਿਚ ਸਮਰੱਥ ਹਨ । ਕੈਸਟ ਨੂੰ ਰਿਲੀਜ਼ ਕਰਨ ਹਿੱਤ 'ਇੰਡੀਅਨ ਮੈਲੋਡੀਜ਼" ਕੰਪਨੀ ਵਧਾਈ ਦੀ ਪਾਤਰ ਹੈ ।


*With best compliments from*

# KINGS WAY

**School Uniform People**

**SCF—15, Sector 22, Chandigarh**


ਸਫਾ 28 ਦੀ ਬਾਕੀ

ਸ਼ਾਂਤ ਖਲੋਤੇ ਪਾਣੀਆਂ ਵਿਚ ਪ੍ਰਸ਼ਨਾਂ ਦੀਆਂ ਗੀਟੀਆਂ ਸੁਟ ਕੇ ਇਸ ਨੂੰ ਹਿਲਾਉਣ ਦਾ ਜਤਨ ਕੀਤਾ ਹੈ । ਹਿਲਦੇ ਪਾਣੀਆਂ ਦੀ ਤਾਜ਼ਗੀ ਉਹਨਾਂ ਵਲੋਂ ਪੇਸ਼ ਕੀਤੀਆਂ ਕੁਝ ਤਰਕਾਂ ਨੂੰ ਸਵੀਕਾਰਦੀ ਹੈ ਤੇ ਕੁਝ ਹੋਰ ਨੂੰ ਨਕਾਰਦੀ ਹੈ-ਪਰ ਸਮੁਚੇ ਰੂਪ ਵਿਚ ਲੇਖਕ ਦੇ ਸੱਜਰੇ ਯਤਨ ਦੀ ਸਿਫਤ ਸਲਾਹ ਕਰਨ ਨੂੰ ਹੀ ਦਿਲ ਕਰਦਾ ਹੈ । ਅਜਿਹੀਆਂ ਪੁਸਤਕਾਂ 'ਵੇਦ ਹਥਿਆਰ' ਦੇ ਸਹੀ ਅਰਥ ਸਮਝਣ ਵਿਚ ਸਹਾਇਕ ਹੁੰਦੀਆਂ ਹਨ ।


ਡਾ• ਤ੍ਰਿਲੋਚਨ ਸਿੰਘ ਤਰਸੀ

277, ਫੇਜ਼-4,

ਸਾਹਿਬਜ਼ਾਦਾ ਅਜੀਤ ਸਿੰਘ ਨਗਰ

ਜ਼ਿਲਾ ਰੋਪੜ ।